Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 61 | Tuesday, March 29, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਬਰੈਂਪਟਨ ਦੇ ਘਰ ਵਿੱਚ ਲੱਗੀ ਅੱਗ, 2 ਬਾਲਗਾਂ ਤੇ 3 ਬੱਚਿਆਂ ਦੀ ਹੋਈ ਮੌਤ



ਬਰੈਂਪਟਨ, 28 ਮਾਰਚ (ਪੋਸਟ ਬਿਊਰੋ) : ਬਰੈਂਪਟਨ ਦੇ ਇੱਕ ਘਰ ਵਿੱਚ ਤੜ੍ਹਕਸਾਰ ਲੱਗੀ ਅੱਗ ਕਾਰਨ ਪੰਜ ਵਿਅਕਤੀਆਂ ਦੀ ਮੌਤ ਹੋ ਗਈ।

ਪੀਲ ਪੁਲਿਸ ਦਾ ਕਹਿਣਾ ਹੈ ਕਿ ਸਵੇਰੇ 2:00 ਵਜੇ ਐਮਰਜੰਸੀ ਅਮਲੇ ਨੂੰ ਇਹ ਖਬਰ ਮਿਲੀ ਕਿ ਕੈਨੇਡੀ ਰੋਡ ਤੇ ਸੈਂਡਲਵੁੱਡ ਪਾਰਕਵੇਅ ਏਰੀਆ ਵਿੱਚ ਕੌਨੈਸਟੋਗਾ ਡਰਾਈਵ ਵਿੱਚ ਇੱਕ ਘਰ ਨੂੰ ਅੱਗ ਲੱਗ ਗਈ ਹੈ। ਮੌਕੇ ਉੱਤੇ ਪਹੁੰਚੇ ਐਮਰਜੰਸੀ ਅਮਲੇ ਵੱਲੋਂ ਦੋ ਬਾਲਗਾਂ ਤੇ ਤਿੰਨ ਬੱਚਿਆਂ ਨੂੰ ਘਰ ਵਿੱਚੋਂ ਬਾਹਰ ਕੱਢਿਆ ਗਿਆ ਪਰ ਉਨ੍ਹਾਂ ਸਾਰਿਆਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇੱਕ ਹੋਰ ਬਾਲਗ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਤੇ ਉਸ ਦੇ ਜਿਊਂਦੇ ਬਚਣ ਦੀ ਸੰਭਾਵਨਾ ਹੈ।

ਪੁਲਿਸ ਨੇ ਦੱਸਿਆ ਕਿ ਦੋ ਹੋਰ ਬਾਲਗ ਜ਼ਖ਼ਮੀ ਹੋਏ ਬਿਨਾਂ ਘਰ ਵਿੱਚੋਂ ਬਚ ਨਿਕਲਣ ਵਿੱਚ ਕਾਮਯਾਬ ਰਹੇ। ਅਮਲੇ ਵੱਲੋਂ ਅਜੇ ਵੀ ਅੱਗ ਉੱਤੇ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸੈਂਡਲਵੁੱਡ ਪਾਰਕਵੇਅ ਤੇ ਕ੍ਰੈਨਮੋਰ ਕੋਰਟ ਦਰਮਿਆਨ ਕੌਨੈਸਟੋਗਾ ਡਰਾਈਵ ਨੂੰ ਬੰਦ ਕੀਤਾ ਗਿਆ ਹੈ।

## ਐਫ-35 ਲੜਾਕੂ ਜਹਾਜ਼ ਖਰੀਦਣ ਲਈ ਅੱਜ ਫਾਈਨਲ ਗੱਲਬਾਤ ਸ਼ੁਰੂ ਕਰ ਸਕਦੀ ਹੈ ਲਿਬਰਲ ਸਰਕਾਰ

ਓਟਵਾ, 28 ਮਾਰਚ (ਪੋਸਟ ਬਿਊਰੋ) : ਉਮਰਦਰਾਜ਼ ਹੋ ਚੁੱਕੇ ਕੈਨੇਡਾ ਦੇ ਸੀਐਫ-18 ਲੜਾਕੂ ਜਹਾਜ਼ਾਂ ਦੀ ਥਾਂ ਨਵੇਂ ਲੜਾਕੂ ਜਹਾਜ਼ ਖਰੀਦਣ ਦੀ ਕੈਨੇਡਾ ਦੀ ਦਹਾਕੇ ਤੋਂ ਚੱਲੀ ਆ ਰਹੀ ਖੋਜ ਮੁੱਕ ਗਈ ਲੱਗਦੀ ਹੈ। ਸੋਮਵਾਰ ਨੂੰ ਲਿਬਰਲ ਸਰਕਾਰ ਨੇ ਇਹ ਐਲਾਨ ਕੀਤਾ ਕਿ ਉਹ ਅਮਰੀਕੀ ਕੰਪਨੀ ਲਾਕਹੀਡ ਮਾਰਟਿਨ ਤੋਂ ਐਫ-35 ਲੜਾਕੂ ਜਹਾਜ਼ ਖਰੀਦਣ ਲਈ ਫਾਈਨਲ ਗੱਲਬਾਤ ਕਰਨ ਜਾ ਰਹੀ ਹੈ। ਇਸ ਡੀਲ ਨੂੰ ਸਿਰੇ ਚੜ੍ਹਨ ਵਿੱਚ ਭਾਵੇਂ ਅਜੇ ਟਾਈਮ ਲੱਗੇਗਾ ਪਰ ਕਈ ਸਵਾਲ ਹਨ ਜਿਨ੍ਹਾਂ ਦੇ ਅਜੇ ਤੱਕ ਜਵਾਬ ਹਾਸਲ ਨਹੀਂ ਹੋ ਸਕੇ ਹਨ ਜਿਵੇਂ ਕਿ ਇਨ੍ਹਾਂ ਜਹਾਜ਼ਾਂ ਦੀ ਕੀਮਤ ਕੀ ਹੋਵੇਗੀ? ਇਹ ਕੈਨੇਡਾ ਕਦੋਂ ਆਉਣੇ ਸ਼ੁਰੂ ਹੋਣਗੇ? ਕੀ ਪਿਛਲੇ 12 ਸਾਲਾਂ ਦੀ ਬਹਿਸ ਤੇ ਦੇਰੀ ਜਾਇਜ਼ ਸੀ?



ਪ੍ਰੋਕਿਓਰਮੈਂਟ ਮੰਤਰੀ ਫਿਲੋਮੈਨਾ ਤਾਸੀ ਤੇ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਇੱਕ ਨਿਊਜ਼ ਕਾਨਫਰੰਸ ਦੌਰਾਨ ਇਹ ਪੁਸ਼ਟੀ ਕੀਤੀ ਕਿ ਲਾਕਹੀਡ ਮਾਰਟਿਨ ਦੇ ਲੜਾਕੂ ਜਹਾਜ਼ਾਂ ਨੇ ਸਵੀਡਨ ਦੇ ਸਾਬ ਗ੍ਰਿਪਨ ਨੂੰ ਮੁਕਾਬਲੇ ਵਿੱਚ ਸ਼ਿਕਸਤ ਦੇ ਕੇ ਆਪਣੀ ਥਾਂ ਪੱਕੀ ਕੀਤੀ ਹੈ। ਕੈਨੇਡਾ ਦੇ ਸੀਐਫ-18 ਨੂੰ ਬਦਲੀ ਕਰਨ ਲਈ 88 ਨਵੇਂ ਐਫ-35 ਖਰੀਦਣ ਵਾਸਤੇ ਇਸ ਹਫਤੇ ਸਰਕਾਰ ਇਸ ਕੰਪਨੀ ਨਾਲ ਰਸਮੀ ਗੱਲਬਾਤ ਸ਼ੁਰੂ ਕਰੇਗੀ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਗੱਲਬਾਤ ਨੂੰ ਸਿਰੇ ਚੜ੍ਹਨ ਵਿੱਚ ਸੱਤ ਮਹੀਨੇ ਦਾ ਸਮਾਂ ਲੱਗ ਸਕਦਾ ਹੈ ਤੇ ਇਸ ਸਾਲ ਦੇ ਅੰਤ ਤੱਕ ਜਹਾਜ਼ਾਂ ਦੀ ਖਰੀਦ ਦਾ ਇਹ ਕਾਂਟਰੈਕਟ ਸਿਰੇ ਚੜ੍ਹ ਸਕਦਾ ਹੈ।

ਤਾਸੀ ਤੇ ਆਨੰਦ ਨੇ ਆਖਿਆ ਕਿ ਜੇ ਲਾਕਹੀਡ ਮਾਰਟਿਨ ਨਾਲ ਗੱਲਬਾਤ ਸਿਰੇ ਨਹੀਂ ਚੜ੍ਹਦੀ ਤਾਂ ਗ੍ਰਿਪਨ ਦੇ ਲੜਾਕੂ ਜਹਾਜ਼ ਖਰੀਦਣ ਲਈ ਸਰਕਾਰ ਸਾਬ ਨਾਲ ਵੀ ਗੱਲਬਾਤ ਕਰ ਸਕਦੀ ਹੈ।

## ਨਵਾਂ ਮਲਾਲਾ ਯੂਸਫਜ਼ਈ ਪਬਲਿਕ ਸਕੂਲ ਬਣਾਉਣ ਲਈ ਪ੍ਰੋਵਿੰਸ ਵੱਲੋਂ ਦਿੱਤੀ ਗਈ ਮਨਜ਼ੂਰੀ



ਬਰੈਂਪਟਨ, 28 ਮਾਰਚ (ਪੋਸਟ ਬਿਊਰੋ) : ਲੋਕਲ ਸਕੂਲਾਂ ਦੀ ਹਾਲਤ ਸੁਧਾਰਨ ਤੇ ਨਵੇਂ ਸਕੂਲਾਂ ਦੇ ਨਿਰਮਾਣ ਦੀ ਕੜੀ ਤਹਿਤ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਪੀਲ ਡਿਸਟ੍ਰਿਕਟ ਸਕੂਲ ਬੋਰਡ ਨੂੰ ਮਲਾਲਾ ਯੂਸਫਜ਼ਈ ਪਬਲਿਕ ਸਕੂਲ ਬਣਾਉਣ ਵਾਸਤੇ 24.7 ਮਿਲੀਅਨ ਡਾਲਰ ਦੇ ਟੈਂਡਰ ਦੀ ਮਨਜ਼ੂਰੀ ਦਿੱਤੀ ਹੈ।

ਬਰੈਂਪਟਨ ਵਿੱਚ ਵਿਦਿਆਰਥੀਆਂ ਦੀ ਵੱਧ ਰਹੀ ਆਬਾਦੀ ਤੇ ਕੰਮਕਾਜੀ ਪਰਿਵਾਰਾਂ ਲਈ ਸੇਫ ਤੇ ਕਿਫਾਇਤੀ ਚਾਈਲਡ ਕੇਅਰ ਦੇ ਚੱਲਦਿਆਂ ਇਸ ਨਵੇਂ ਸਕੂਲ ਵਿੱਚ ਵਧੀਆ ਮਾਹੌਲ ਵਿੱਚ ਵਿਦਿਆਰਥੀਆਂ ਨੂੰ ਕਾਫੀ ਕੁੱਝ ਚੰਗਾ ਸਿੱਖਣ ਨੂੰ ਮਿਲੇਗਾ। ਇਹ ਪ੍ਰੋਜੈਕਟ ਪ੍ਰੋਵਿੰਸ ਦੇ ਕੈਪੀਟਲ ਨਿਵੇਸ਼ ਪ੍ਰੋਗਰਾਮ ਦਾ ਹਿੱਸਾ ਹੈ।

ਬਰੈਂਪਟਨ ਵੈਸਟ ਤੋਂ ਐਮਪੀਪੀ ਅਮਰਜੋਤ ਸੰਧੂ ਨੇ ਆਖਿਆ ਕਿ ਨਵੇਂ ਮਲਾਲਾ ਯੂਸਫਜ਼ਈ ਪਬਲਿਕ ਸਕੂਲ ਲਈ ਫੰਡਿੰਗ ਕਮਿਊਨਿਟੀ ਲਈ ਵਧੀਆ ਖਬਰ ਹੈ। ਇਸ ਨਿਵੇਸ਼ ਨਾਲ ਪਰਿਵਾਰਾਂ ਨੂੰ ਇਹ ਯਕੀਨੀ ਬਣਾਇਆ ਜਾ ਸਕੇਗਾ ਕਿ ਆਉਣ ਵਾਲੇ ਸਾਲਾਂ ਵਿੱਚ ਵਿਦਿਆਰਥੀ ਮਿਆਰੀ ਪੜ੍ਹਾਈ ਕਰ ਸਕਣਗੇ। ਇਸ ਮੌਕੇ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਸਾਡੀ ਸਰਕਾਰ ਮਿਹਨਤਕਸ਼ ਪਰਿਵਾਰਾਂ ਦੇ ਦਿਲ ਦੀ ਗੱਲ ਸੁਣ ਰਹੀ ਹੈ ਤੇ ਮਿਆਰੀ ਲਰਨਿੰਗ ਸੈਂਟਰਜ਼ ਖੋਲ੍ਹ ਰਹੀ ਹੈ ਜਿੱਥੇ ਆਧੁਨਿਕ ਵੈਂਟੀਲੇਸ਼ਨ ਹੈ ਤੇ ਸੇਫਟੀ ਦਾ ਖਾਸ ਖਿਆਲ ਰੱਖਿਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਨਵੇਂ ਮਲਾਲਾ ਯੂਸਫਜ਼ਈ ਪਬਲਿਕ ਸਕੂਲ ਵਿੱਚ ਨਿਵੇਸ਼ ਨਾਲ ਅਸੀਂ ਅਜਿਹੇ ਸਕੂਲ ਦਾ ਨਿਰਮਾਣ ਕਰਾਂਗੇ ਜਿਹੜਾ ਇਸ ਸਨਮਾਨਿਤ ਕੈਨੇਡੀਅਨ ਦੀ ਹੱਢਬੀਤੀ ਤੋਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰੇਗਾ। ਜਿਸ ਨਾਲ ਬਰੈਂਪਟਨ ਦੇ ਵਿਦਿਆਰਥੀ ਏਕਾਗਰਚਿਤ ਹੋ ਕੇ ਸਫਲਤਾ ਦੇ ਰਾਹ ਤੁਰਨਗੇ। ਨਵਾਂ ਮਲਾਲਾ ਯੂਸਫਜ਼ਈ ਪਬਲਿਕ ਸਕੂਲ ਬਰੈਂਪਟਨ ਵਿੱਚ 565 ਰਿਮੈਂਬਰੈਂਸ ਰੋਡ ਉੱਤੇ ਸਥਿਤ ਹੋਵੇਗਾ।

## ਲਗਜ਼ਰੀ ਨਹੀਂ ਲੋੜ ਹੈ ਚਾਈਲਡ ਕੇਅਰ : ਐਮ ਪੀ ਸਹੋਤਾ



ਓਨਟਾਰੀਓ, 28 ਮਾਰਚ (ਪੋਸਟ ਬਿਊਰੋ) : ਓਨਟਾਰੀਓ ਵਿੱਚ ਪਰਿਵਾਰਾਂ ਨੂੰ ਕਿਫਾਇਤੀ, ਵਿਲੱਖਣ ਤੇ ਉੱਚ ਮਿਆਰੀ ਚਾਈਲਡਕੇਅਰ ਮੁਹੱਈਆ ਕਰਵਾਉਣ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਪ੍ਰੀਮੀਅਰ ਡੱਗ ਫੋਰਡ ਨੇ ਡੀਲ ਸਿਰੇ ਚੜ੍ਹਨ ਦਾ ਐਲਾਨ ਕੀਤਾ। ਇਸ ਮੌਕੇ ਬਰੈਂਪਟਨ ਨੌਰਥ ਤੋਂ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਵੀ ਹਾਜ਼ਰ ਸਨ। ਫੈਡਰਲ ਤੇ ਪ੍ਰੋਵਿੰਸ਼ੀਅਲ ਸਰਕਾਰ ਦਰਮਿਆਨ ਹੋਇਆ ਇਹ ਸਮਝੌਤਾ ਕੈਨੇਡਾ ਭਰ ਵਿੱਚ ਕੀਤਾ ਗਿਆ ਅਰਲੀ ਲਰਨਿੰਗ ਐਂਡ ਚਾਈਲਡ ਕੇਅਰ ਅਗਰੀਮੈਂਟ ਹੈ ਜਿਹੜਾ ਪੰਜ ਸਾਲਾਂ ਲਈ ਕੀਤਾ ਗਿਆ ਹੈ। ...ਬਾਕੀ ਪੰਨਾ 3 'ਤੇ

## ਅਸੀਂ ਬਿਨਾਂ ਦੇਰ ਸ਼ਾਂਤੀ ਚਾਹੁੰਦੇ ਹਾਂ : ਜ਼ੈਲੈਂਸਕੀ



ਲਵੀਵ, ਯੂਕਰੇਨ, 28 ਮਾਰਚ (ਪੋਸਟ ਬਿਊਰੋ) : ਯੂਕਰੇਨ ਤੇ ਰੂਸ ਦਰਮਿਆਨ ਗੱਲਬਾਤ ਦੇ ਇੱਕ ਹੋਰ ਗੇੜ ਦੀ ਸੰਭਾਵਨਾ ਦੇ ਮੱਦੇਨਜ਼ਰ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਹੈ ਕਿ ਸ਼ਾਂਤੀ ਬਹਾਲ ਕਰਨ ਲਈ ਯੂਕਰੇਨ ਰੂਸ ਨੂੰ ਸਕਿਊਰਿਟੀ ਦੀ ਗਾਰੰਟੀ ਦਿੰਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਰੂਸੀ ਆਗੂ ਨਾਲ ਆਹਮੋ ਸਾਹਮਣੀ ਗੱਲਬਾਤ ਹੀ ਇਸ ਜੰਗ ਨੂੰ ਖ਼ਤਮ ਕਰ ਸਕਦੀ ਹੈ। ਆਜ਼ਾਦਾਨਾ ਰੂਸੀ ਮੀਡੀਆ ਆਊਟਲੈੱਟਸ ਨਾਲ ਇੱਕ ਇੰਟਰਵਿਊ ਵਿੱਚ ਜ਼ੈਲੈਂਸਕੀ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਯੂਕਰੇਨ ਦੀ ਤਰਜੀਹ ਆਪਣੀ ਖੁਦਮੁਖ਼ਤਿਆਰੀ ਨੂੰ ਬਰਕਰਾਰ ਰੱਖਣਾ ਹੈ। ...ਬਾਕੀ ਪੰਨਾ 3 'ਤੇ

NOW HIRING !!!
ALLKIND INSURANCE
•Life Insurance •Critical illness Ins •Travel & Visitor Ins •RESP & TFSA & RRSP
•Super Visa Insurance •Mortgage Insurance •Disability Insurance •Funeral Insurance
SIMRAN SAINI
416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration · Real Estate · Family Law · Business Closing · Corporate · Wills & Estate · Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL
416 938 4598

YES! Immigration
Yes we can...
Locations: Woodbridge, Mississauga, Scarborough
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
Raj Narang · Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance · Mortgage Insurance · Life Insurance · Visitor & Travel Insurance · RESP(Education Plan) · Critical Illness Insurance
RANJIT GILL Insurance Advisor
416-724-5000

MOTEL FOR SALE ON HWY 7
IN THE MIDDLE OF TORONTO AND OTTAWA
Excellent Cash Flow And Low Vacancy Rate · Low Operating Costs · Many Recent Upgrades To Rooms · New Security Camera System · Plan Approved For Additional Unit
$1,275,000
RAJ HANDA Broker of Record
DIR: 647-546-5228 OFF: 905-457-4588
SaveMax Global Realty

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
Tuesday to Sunday (12-8) (Monday Closed)
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca · info@dubaijewellers.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance · ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ? • ਗਾਰਨਿਸ਼ਮੈਂਟ? • ਬੈਂਕ ਵਲੋਂ ਪੈਸੇ ਦੀ ਮੰਗ ? • ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
www.MakeMeDebtFree.ca 416-502-3100 1888 864 3131
Jasbir Singh Hundal Qualified Credit Counsellor
Unit #20 - 7015 Tranmere Drive Mississauga, ON L5S 1T7

CN Forklift Training Center
Counterbalance · Walkie pallet · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre · Avon Financial
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax: 905-216-0392

MANN LAW FIRM
Real Estate Law · Business Law · Wills & Estates · Family Law · Power of Attorney · Civil Litigation · Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com



# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਚੰਡੀਗੜ੍ਹ ਉੱਤੇ ਕੇਂਦਰੀ ਰੂਲਜ਼ ਲਾਗੂ ਹੋਣ ਵਿਰੁੱਧ ਭਗਵੰਤ ਮਾਨ ਅਤੇ ਵੱਡੇ ਬਾਦਲ ਵੀ ਭੜਕੇ

ਚੰਡੀਗੜ੍ਹ, 28 ਮਾਰਚ, (ਪੋਸਟ ਬਿਊਰੋ)- ਚੰਡੀਗੜ੍ਹ ਦੇ ਸਰਕਾਰੀ ਮੁਲਾਜ਼ਮਾਂ ਉੱਤੇ ਕੇਂਦਰੀ ਨਿਯਮ ਲਾਗੂ ਕਰਨ ਵਾਲੇ ਫੈਸਲੇ ਨਾਲ ਸਿਆਸੀ ਘਮਸਾਨ ਮੱਚ ਗਿਆ ਅਤੇ ਬਿਆਨਬਾਜ਼ੀ ਤੇਜ਼ ਹੋ ਗਈ ਹੈ।



ਭਾਰਤ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਵੱਲੋਂ ਇਸ ਸੰਬੰਧ ਵਿੱਚ ਪਿਛਲੇ ਐਤਵਾਰ ਚੰਡੀਗੜ੍ਹ ਵਿੱਚ ਦਿੱਤੇ ਗਏ ਬਿਆਨ ਉੱਤੇਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਸਖ਼ਤ ਇਤਰਾਜ਼ ਕੀਤਾ ਅਤੇ ਕਿਹਾ ਹੈ ਕਿ ਸਿਲਸਿਲੇਵਾਰ ਢੰਗ ਨਾਲ ਕੇਂਦਰ ਸਰਕਾਰ ਦੂਸਰੇ ਰਾਜਾਂ ਦੇ ਅਫਸਰ ਤੇ ਮੁਲਾਜ਼ਮ ਚੰਡੀਗੜ੍ਹ ਉੱਤੇ ਥੋਪ ਰਹੀ ਹੈਅਤੇ ਕੇਂਦਰ ਦਾ ਨਵਾਂ ਫ਼ੈਸਲਾ ਪੰਜਾਬ ਪੁਨਰਗਠਨ ਐਕਟ 1966 ਦੀ ਭਾਵਨਾ ਦੇ ਖਿਲਾਫ਼ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਫੈਸਲੇ ਦੇ ਖਿਲਾਫ ਆਪਣੇ ਲੋਕਾਂ ਨੂੰ ਲੈ ਕੇ ਡਟਵਾਂ ਸਟੈਂਡ ਲਵੇਗੀ ਤੇ ਪਿੱਛੇ ਨਹੀਂ ਹਟੇਗੀ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਕਾਂਗਰਸ ਤੇ ਅਕਾਲੀ ਦਲ ਨੇ ਕੇਂਦਰ ਦੇ ਇਸ ਫ਼ੈਸਲੇ ਦਾ ਸਖ਼ਤ ਵਿਰੋਧ ਕੀਤਾ ਸੀ।ਅਜੇ ਤੱਕ ਚੰਡੀਗੜ੍ਹ ਦੇ ਮੁਲਾਜ਼ਮਾਂ ਉੱਤੇ ਪੰਜਾਬ ਸਿਵਿਲ ਸਰਵਿਸ ਰੂਲਜ਼ ਲਾਗੂ ਸਨ।ਬੀਤੇਐਤਵਾਰ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੈਂਟਰਲ ਸਰਵਿਸ ਰੂਲਜ਼ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਚੰਡੀਗੜ੍ਹ ਦੇ ਮੁਲਾਜ਼ਮਾਂ ਉੱਤੇਅੱਗੇ ਤੋਂ ਕੇਂਦਰੀ ਸੇਵਾ ਨਿਯਮ ਲਾਗੂ ਹੋਣਗੇ, ਜਿਸਦਾ ਲਾਭ ਏਥੋਂ ਦੇ ਮੁਲਾਜ਼ਮਾਂ ਨੂੰ ਮਿਲੇਗਾ।ਚੰਡੀਗੜ੍ਹ ਯੂ ਟੀ ਵਿਚ 16 ਹਜ਼ਾਰ ਦੇ ਕਰੀਬ ਰੈਗੂਲਰ ਮੁਲਾਜ਼ਮ ਹਨ, ਜਿਨ੍ਹਾਂ ਨੂੰ ਕੇਂਦਰ ਦੇ ਫ਼ੈਸਲੇ ਦਾ ਲਾਭ ਮਿਲੇਗਾ ਅਤੇ ਕੇਂਦਰੀਮੁਲਾਜ਼ਮਾਂਵਾਂਗ ਚੰਡੀਗੜ੍ਹ ਦੀਆਂ ਮਹਿਲਾ ਮੁਲਾਜ਼ਮਾਂ ਨੂੰ ਚਾਈਲਡ ਕੇਅਰ ਲਈ ਦੋ ਸਾਲ ਦੀ ਛੁੱਟੀ ਮਿਲੇਗੀ।

ਕੇਂਦਰ ਸਰਕਾਰ ਦੇ ਇਸ ਫੈਸਲੇ ਬਾਰੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਿੱਖੇ ਸਵਾਲ ਚੁੱਕੇ ਤੇ ਇਸ ਦੀ ਨਿੰਦਾ ਕਰਦਿਆਂ ਇਸ ਨੂੰ ਪੰਜਾਬ ਨਾਲ ਧੱਕਾ ਆਖਿਆ ਹੈ।ਵੱਡੇ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਪੂਰੀ ਤਰ੍ਹਾਂ ਚੰਡੀਗੜ੍ਹ ਉੱਤੇ ਕਬਜ਼ਾ ਚਾਹੁੰਦੀ ਹੈ। ਅੱਜ ਪਿੰਡ ਮਹੂਆਣਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਹਮੇਸ਼ਾ ਪੰਜਾਬ ਨਾਲ ਧੋਖਾ ਕੀਤਾ ਹੈ।ਉਨ੍ਹਾ ਕਿਹਾ ਕਿ ਪਹਿਲਾਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਪੰਜਾਬ ਦੀ ਵੰਡ ਵੇਲੇ ਦੋ ਥਾਂਈਂ ਵੰਡ ਦਿੱਤਾ ਤਾਂ ਵਾਅਦਾ ਕੀਤਾ ਸੀ ਕਿ ਚੰਡੀਗੜ੍ਹ ਵਿੱਚ ਪੰਜਾਬ ਦੇ ਅੱਧੇ ਮੁਲਾਜ਼ਮ ਹੋਣਗੇ। ਫਿਰ ਇੱਥੋਂ ਉਹ ਵੀ ਵਾਪਸ ਕਰ ਦਿੱਤੇ ਸਨ ਅਤੇ ਅੱਜਕੱਲ੍ਹ ਕੇਂਦਰ ਸਰਕਾਰ ਕੇਂਦਰੀ ਨਿਯਮ ਲਾਗੂ ਕਰਕੇ ਚੰਡੀਗੜ੍ਹ ਉੱਤੇ ਪੂਰਾ ਕਬਜ਼ਾ ਕਰਨਾ ਚਾਹੁੰਦੀ ਹੈ।

# ਸਕਾਰਬਰੋ ਵਿੱਚ ਟੀਨੇਜਰ ਲੜਕੇ ਨੂੰ ਹਾਈ ਸਕੂਲ ਨੇੜੇ ਮਾਰੀ ਗਈ ਗੋਲੀ

ਸਕਾਰਬਰੋ, 28 ਮਾਰਚ (ਪੋਸਟ ਬਿਊਰੋ) : ਸੋਮਵਾਰ ਦੁਪਹਿਰੇ ਸਕਾਰਬਰੋ ਵਿੱਚ ਹਾਈ ਸਕੂਲ ਨੇੜੇ ਇੱਕ ਟੀਨੇਜਰ ਲੜਕੇ ਨੂੰ ਗੋਲੀ ਮਾਰ ਦਿੱਤੀ ਗਈ। ਇਸ ਘਟਨਾ ਤੋਂ ਬਾਅਦ ਸਕੂਲ ਨੂੰ ਬੰਦ ਕਰ ਦਿੱਤਾ ਗਿਆ।




ਟੋਰਾਂਟੋ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਦੁਪਹਿਰੇ 12:26 ਉੱਤੇ ਗਿਲਡਵੁੱਡ ਪਾਰਕਵੇਅ ਤੇ ਲਿਵਿੰਗਸਟੋਨ ਰੋਡ ਦੇ ਕੋਨੇ ਵਿੱਚ ਗੋਲੀਆਂ ਚੱਲਣ ਦੀ ਖਬਰ ਮਿਲਣ ਤੋਂ ਬਾਅਦ ਮੌਕੇ ਉੱਤੇ ਸੱਦਿਆ ਗਿਆ। ਉੱਥੇ ਉਨ੍ਹਾਂ ਨੂੰ 16 ਸਾਲ ਤੋਂ ਨਿੱਕੀ ਉਮਰ ਦਾ ਇੱਕ ਟੀਨੇਜਰ ਲੜਕਾ ਮਿਲਿਆ, ਜੋ ਗੋਲੀ ਲੱਗਣ ਕਾਰਨ ਜ਼ਖ਼ਮੀ ਸੀ। ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਤੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਜਾਂਚਕਾਰਾਂ ਨੇ ਆਖਿਆ ਕਿ ਉਹ ਸਹਿਯੋਗ ਨਹੀਂ ਕਰ ਰਿਹਾ ਹੈ ਤੇ ਇਹ ਪਤਾ ਨਹੀਂ ਲਾਇਆ ਜਾ ਸਕਿਆ ਕਿ ਉਸ ਨੂੰ ਕਿਸ ਸਮੇਂ ਗੋਲੀ ਲੱਗੀ ਸੀ। ਪੈਰਾਮੈਡਿਕਸ ਨੇ ਉਸ ਦੀ ਸੱਟ ਨੂੰ ਮਾਮੂਲੀ ਦੱਸਿਆ। ਗੋਲੀ ਚੱਲਣ ਵਾਲੀ ਥਾਂ ਸਰ ਵਿਲਫਰਿਡ ਲੌਰੀਅਰ ਕਾਲਜੀਏਟ ਇੰਸਟੀਚਿਊਟ ਤੋਂ 100 ਮੀਟਰ ਦੀ ਦੂਰੀ ਉੱਤੇ ਸੀ, ਮਾਮਲੇ ਦੀ ਜਾਂਚ ਕਾਰਨ ਇਸ ਸਕੂਲ ਨੂੰ ਬੰਦ ਕਰ ਦਿੱਤਾ ਗਿਆ ਹੈ। ਜਾਂਚਕਾਰਾਂ ਨੇ ਆਖਿਆ ਕਿ ਹਾਲ ਦੀ ਘੜੀ ਉਹ ਕਿਸੇ ਮਸ਼ਕੂਕ ਦੀ ਭਾਲ ਨਹੀਂ ਕਰ ਰਹੇ।

# ਲਗਜ਼ਰੀ ਨਹੀਂ ਲੋੜ ਹੈ ਚਾਈਲਡ ਕੇਅਰ : ਐਮ ਪੀ ਸਹੋਤਾ

ਪੰਨਾ 1 ਦਾ ਬਾਕੀ

ਅਜਿਹਾ ਚਾਈਲਡ ਕੇਅਰ ਫੀਸ ਨੂੰ ਓਨਟਾਰੀਓ ਦੇ ਪਰਿਵਾਰਾਂ ਲਈ ਘਟਾ ਕੇ 10 ਡਾਲਰ ਰੋਜ਼ਾਨਾ ਤੱਕ ਲਿਆਉਣ ਲਈ ਤੇ ਪ੍ਰੋਵਿੰਸ ਵਿੱਚ 86,000 ਨਵੇਂ ਲਾਇਸੰਸਸ਼ੁਦਾ ਅਰਲੀ ਲਰਨਿੰਗ ਐਂਡ ਚਾਈਲਡ ਕੇਅਰ ਸੈਂਟਰ ਖੋਲ੍ਹਣ ਲਈ ਕੀਤਾ ਗਿਆ ਹੈ।

ਇਸ ਸਮਝੌਤੇ ਤੋਂ ਬਾਅਦ ਪਹਿਲੀ ਅਪਰੈਲ 2022 ਤੋਂ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਚਾਈਲਡਕੇਅਰ ਫੀਸ ਵਿੱਚ 25 ਫੀ ਸਦੀ ਦੀ ਕਟੌਤੀ ਹੋਵੇਗੀ। ਇਸ ਨਾਲ ਓਨਟਾਰੀਓ ਦੇ ਪਰਿਵਾਰਾਂ ਨੂੰ ਹਰ ਬੱਚੇ ਪਿੱਛੇ 2,200 ਡਾਲਰ ਦੀ ਬਚਤ ਹੋਵੇਗੀ। ਇਸ ਸਾਲ ਦੇ ਅੰਤ ਤੱਕ ਪਰਿਵਾਰਾਂ ਲਈ ਇਸ ਫੀਸ ਵਿੱਚ ਔਸਤਨ 50 ਫੀ ਸਦੀ ਕਟੌਤੀ ਕੀਤੀ ਜਾਵੇਗੀ ਤੇ ਉਨ੍ਹਾਂ ਨੂੰ ਹਰ ਸਾਲ ਪ੍ਰਤੀ ਬੱਚੇ ਪਿੱਛੇ 6000 ਡਾਲਰ ਦੀ ਬਚਤ ਹੋਵੇਗੀ।

2025-26 ਵਿੱਤੀ ਵਰ੍ਹੇ ਦੇ ਖ਼ਤਮ ਹੋਣ ਉੱਤੇ ਓਨਟਾਰੀਓ ਦੇ ਪਰਿਵਾਰਾਂ ਨੂੰ ਚਾਈਲਡਕੇਅਰ ਲਈ ਔਸਤਨ 10 ਡਾਲਰ ਰੋਜ਼ਾਨਾ ਦੇਣੇ ਹੋਣਗੇ। ਇਸ ਮੌਕੇ ਐਮਪੀ ਸਹੋਤਾ ਨੇ ਆਖਿਆ ਕਿ ਇਸ ਸਮਝੌਤੇ ਦੇ ਅੱਜ ਸਿਰੇ ਚੜ੍ਹਨ ਨਾਲ ਕੈਨੇਡਾ ਸਰਕਾਰ ਵੱਲੋਂ ਹਰੇਕ ਪ੍ਰੋਵਿੰਸ ਤੇ ਟੈਰੇਟਰੀ ਨਾਲ ਚਾਈਲਡ ਕੇਅਰ ਸਿਸਟਮ ਨੂੰ ਕੈਨੇਡਾ ਭਰ ਵਿੱਚ ਕਿਫਾਇਤੀ, ਵਿਲੱਖਣ ਤੇ ਮਿਆਰੀ ਬਣਾਉਣ ਦਾ ਵਾਅਦਾ ਪੂਰਾ ਹੋ ਗਿਆ। ਉਨ੍ਹਾਂ ਆਖਿਆ ਕਿ ਇਸ ਪਲੈਨ ਨਾਲ ਬਰੈਂਪਟਨ ਦੇ ਪਰਿਵਾਰਾਂ ਦੀਆਂ ਜ਼ਿੰਦਗੀਆਂ ਹੋਰ ਕਿਫਾਇਤੀ ਹੋ ਜਾਣਗੀਆਂ, ਨੌਕਰੀਆਂ ਦੇ ਨਵੇਂ ਰਾਹ ਖੁੱਲ੍ਹ ਜਾਣਗੇ, ਮਾਪੇ ਵਰਕਫੋਰਸ ਵਿੱਚ ਮੁੜ ਸਕਣਗੇ ਤੇ ਮੱਧ ਵਰਗ ਨੂੰ ਸੁਖ ਦਾ ਸਾਹ ਆਵੇਗਾ ਤੇ ਹਰੇਕ ਬੱਚੇ ਨੂੰ ਸਫਲਤਾ ਦਾ ਪੂਰਾ ਮੌਕਾ ਮਿਲੇਗਾ।

ਇਸ ਸਮਝੌਤੇ ਨਾਲ ਅਰਲੀ ਲਰਨਿੰਗ, ਚਾਈਲਡਕੇਅਰ ਪ੍ਰੋਗਰਾਮਾਂ ਤੇ ਸੇਵਾਵਾਂ ਵਿੱਚ ਸੁਧਾਰ ਹੋਵੇਗਾ ਤੇ ਇਸ ਨਾਲ ਅਰਲੀ ਚਾਈਲਡਹੁੱਡ ਐਜੂਕੇਟਰਜ਼ ਦੀ ਮਾਹਰ ਵਰਕਫੋਰਸ ਤਿਆਰ ਹੋਵੇਗੀ ਜਿਨ੍ਹਾਂ ਨੂੰ ਪ੍ਰੋਫੈਸ਼ਨਲ ਵਿਕਾਸ ਲਈ ਬਿਹਤਰ ਭੱਤੇ ਤੇ ਬਿਹਤਰ ਮੌਕੇ ਹਾਸਲ ਹੋਣਗੇ। ਇੱਕ ਅਜਿਹਾ ਚਾਈਲਡਕੇਅਰ ਸਿਸਟਮ ਤਿਆਰ ਕਰਨਾ ਹੀ ਇਸ ਯੋਜਨਾ ਦਾ ਮੁੱਖ ਹਿੱਸਾ ਹੈ, ਜਿਹੜਾ ਦੇਸ਼ ਦੇ ਹਰੇਕ ਰੀਜਨ ਲਈ ਕਾਰਗਰ ਸਿੱਧ ਹੋਵੇ, ਜਿਹੜਾ ਪਰਿਵਾਰਾਂ ਲਈ ਵਧੇਰੇ ਕਿਫਾਇਤੀ ਹੋਵੇ ਤੇ ਇਸ ਦੇ ਨਾਲ ਹੀ ਚੰਗੀਆਂ ਨੌਕਰੀਆਂ ਪੈਦਾ ਕਰੇ ਤੇ ਅਰਥਚਾਰੇ ਦੇ ਵਿਕਾਸ ਵਿੱਚ ਵਾਧਾ ਕਰੇ। ਇਨ੍ਹਾਂ ਸਮਝੌਤਿਆਂ ਨਾਲ ਹੀ ਕੈਨੇਡਾ ਸਰਕਾਰ ਅਗਲੇ ਚਾਰ ਸਾਲਾਂ ਵਿੱਚ ਦੇਸ਼ ਭਰ ਵਿੱਚ 250,000 ਨਵੀਆਂ ਚਾਈਲਡਕੇਅਰ ਸਪੇਸਿਜ਼ ਤਿਆਰ ਕਰਨਾ ਚਾਹੁੰਦੀ ਹੈ ਤਾਂ ਕਿ ਪਰਿਵਾਰਾਂ ਨੂੰ ਕਿਫਾਇਤੀ ਚਾਈਲਡਕੇਅਰ ਆਪਸ਼ਨਜ਼ ਮਿਲ ਸਕਣ।

# ਭਗਵੰਤ ਮਾਨ ਦਾ ਐਲਾਨ: ਪੁੱਤਰਾਂ ਵਾਂਗ ਪਾਲ਼ੀ ਫਸਲ ਰੁਲਣ ਨਹੀਂ ਦਿਆਂਗੇ, ਇਕ-ਇਕ ਦਾਣਾ ਚੁੱਕਾਂਗੇ

ਚੰਡੀਗੜ੍ਹ, 28 ਮਾਰਚ, (ਪੋਸਟ ਬਿਊਰੋ)- ਪੰਜਾਬ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਣਕ ਖਰੀਦ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਕੀਤੇ ਯਤਨਾਂ ਨਾਲ ਭਾਰਤ ਰਿਜ਼ਰਵ ਬੈਂਕ ਨੇ ਅੱਜ ਹਾੜ੍ਹੀ ਦੇ ਸੀਜ਼ਨ ਲਈ

*** ਹਾੜ੍ਹੀ ਲਈ ਰਿਜ਼ਰਵ ਬੈਂਕ ਵੱਲੋਂ 24773.11 ਕਰੋੜ ਮਨਜ਼ੂਰ**

ਕੈਸ਼ ਕਰੈਡਿਟ ਲਿਮਿਟ (ਸੀ ਸੀ ਐੱਲ) ਵਜੋਂ ਕਣਕ ਖਰੀਦ ਲਈ ਅਪ੍ਰੈਲ-2022 ਦੇ ਅੰਤ ਤੱਕ 24,773.11 ਕਰੋੜ ਰੁਪਏ ਦੀ ਹੱਦ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਸਮਾਂ ਰਹਿੰਦਿਆਂ ਸੀ ਸੀ ਐੱਲ ਜਾਰੀ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀਦੀ ਸਰਕਾਰ ਦਾ ਧੰਨਵਾਦ ਕੀਤਾ ਹੈ, ਕਿਉਂਕਿ ਇਸ ਨਾਲ ਮੌਜੂਦਾ ਸੀਜ਼ਨ ਵਿਚ ਕਣਕ ਦੀ ਨਿਰਵਿਘਨ ਖਰੀਦ ਯਕੀਨੀ ਹੋ ਸਕੇਗੀ। ਪੰਜਾਬ ਸਰਕਾਰ ਵੱਲੋਂ ਇਸ ਸੀਜ਼ਨ ਲਈ 132 ਲੱਖ ਟਨ ਕਣਕ ਖਰੀਦਣ ਲਈ ਮੰਗੇ ਗਏ ਸੀ ਸੀ ਐੱਲ ਦਾ ਵੱਡਾ ਹਿਸਾ ਕੇਂਦਰੀ ਬੈਂਕ ਨੇ ਜਾਰੀ ਕਰ ਦਿੱਤਾ ਹੈ। ਭਗਵੰਤ ਮਾਨ ਨੇ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਨੂੰ ਹੁਕਮ ਦਿੱਤੇ ਹਨ ਕਿ ਬਿਨਾਂ ਪ੍ਰੇਸ਼ਾਨੀ ਤੋਂ ਕਿਸਾਨਾਂ ਦੀ ਫ਼ਸਲ ਦਾ ਇੱਕ-ਇੱਕ ਦਾਣਾ ਖਰੀਦਿਆ ਜਾਵੇ ਅਤੇ 1 ਅਪ੍ਰੈਲ ਨੂੰ ਸ਼ੁਰੂ ਹੋ ਰਹੀ ਕਣਕ ਦੀ ਖਰੀਦ ਦੇ ਪਹਿਲੇ ਦਿਨੋਂ ਹੀ ਫ਼ਸਲ ਦੀ ਅਦਾਇਗੀ ਕਰਨਾ ਵੀ ਯਕੀਨੀ ਬਣਾਇਆ ਜਾਵੇ। ਮੁੱਖ ਮੰਤਰੀ ਨੇ ਕਿਸਾਨਾਂ ਨੂੰ ਯਕੀਨ ਦਿਵਾਇਆ ਕਿ ਉਨ੍ਹਾ ਦੀ ਪੁੱਤਰਾਂ ਵਾਂਗ ਪਾਲ਼ੀ ਕਣਕ ਦੀ ਫਸਲ ਪੰਜਾਬ ਸਰਕਾਰ ਚੁੱਕੇਗੀ। ਉਨ੍ਹਾ ਟਵੀਟ ਕਰ ਕੇ ਲਿਖਿਆ ਹੈ, 'ਪੰਜਾਬ ਦੇ ਕਿਸਾਨਾਂ ਦੀ ਪੁੱਤਰਾਂ ਵਾਂਗ ਪਾਲ਼ੀ ਹੋਈ ਫਸਲ ਦਾ ਇੱਕ-ਇੱਕ ਦਾਣਾ ਪੰਜਾਬ ਸਰਕਾਰ ਚੁੱਕੇਗੀ। ਮੰਡੀਆਂ ਵਿੱਚ ਕਿਸਾਨਾਂ ਦੇ ਰੁਲਣ ਦਾ ਜ਼ਮਾਨਾ ਬੀਤ ਗਿਆ ਹੈ। ਮੇਰੇ ਉੱਤੇ ਯਕੀਨ ਰੱਖੋ।'

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਪਹਿਲੀ ਅਪ੍ਰੈਲ ਤੋਂ ਪੰਜਾਬ ਦੀਆਂ ਮੰਡੀਆਂ ਵਿਚ ਕਣਕ ਖਰੀਦ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ ਤੇ ਸਰਕਾਰੀ ਨੁਮਾਇੰਦਿਆਂ ਨੂੰ ਮੰਡੀਆਂ ਵਿਚ ਪ੍ਰਬੰਧ ਮੁਕੰਮਲ ਕਰਨ ਲਈ ਕਹਿ ਦਿੱਤਾ ਹੈ। ਮੌਜੂਦਾ ਹਾੜ੍ਹੀ ਸੀਜ਼ਨ ਦੌਰਾਨ ਕਣਕ ਦੀ ਖਰੀਦ 1 ਅਪ੍ਰੈਲ ਤੋਂ ਸ਼ੁਰੂ ਹੋ ਕੇ 31 ਮਈ ਤੱਕ ਚੱਲੇਗੀ। ਕੇਂਦਰ ਸਰਕਾਰ ਨੇ ਇਸ ਸਾਲ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ ਬੀਤੇ ਸਾਲ ਤੋਂ 40 ਰੁਪਏ ਵੱਧ ਕਰ ਕੇ 2015 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਹੈ, ਪਿਛਲੇ ਸਾਲ ਇਹ 1975 ਰੁਪਏ ਪ੍ਰਤੀ ਕੁਇੰਟਲ ਸੀ।

# ਅਸੀਂ ਬਿਨਾਂ ਦੇਰ ਸ਼ਾਂਤੀ ਚਾਹੁੰਦੇ ਹਾਂ : ਜ਼ੈਲੈਂਸਕੀ

ਪੰਨਾ 1 ਦਾ ਬਾਕੀ

ਇਸ ਵਾਰੀ ਜ਼ੈਲੈਂਸਕੀ ਨੇ ਪੂਰੇ ਵਜ਼ਨਦਾਰ ਤਰੀਕੇ ਨਾਲ ਆਪਣਾ ਪੱਖ ਰੱਖਿਆ। ਜ਼ਿਕਰਯੋਗ ਹੈ ਕਿ ਰੂਸ ਨੇ ਬਹੁਤ ਪਹਿਲਾਂ ਇਹ ਮੰਗ ਕੀਤੀ ਸੀ ਕਿ ਯੂਕਰੇਨ ਪੱਛਮੀ ਨਾਟੋ ਗੱਠਜੋੜ ਵਿੱਚ ਸ਼ਮੂਲੀਅਤ ਕਰਨ ਦੀ ਆਸ ਛੱਡ ਦੇਵੇ ਕਿਉਂਕਿ ਮਾਸਕੋ ਨੂੰ ਇਹ ਸੱਭ ਧਮਕੀ ਵਾਂਗ ਲੱਗ ਰਿਹਾ ਸੀ।

ਇਸ ਉੱਤੇ ਜ਼ੈਲੈਂਸਕੀ ਨੇ ਆਖਿਆ ਕਿ ਨਿਰਪੱਖ ਰਹਿਣ ਤੇ ਨਾਟੋ ਜਾਂ ਕਿਸੇ ਵੀ ਤਰ੍ਹਾਂ ਦੇ ਮਿਲਟਰੀ ਗੱਠਜੋੜ ਦਾ ਹਿੱਸਾ ਨਾ ਬਣਨ ਸਬੰਧੀ ਫੈਸਲਾ ਰੂਸੀ ਫੌਜਾਂ ਦੇ ਯੂਕਰੇਨ ਵਿੱਚੋਂ ਬਾਹਰ ਨਿਕਲਣ ਤੋਂ ਬਾਅਦ ਯੂਕਰੇਨੀ ਵੋਟਰਾਂ ਦੀ ਰਾਇਸ਼ੁਮਾਰੀ ਲਈ ਪੇਸ਼ ਕੀਤਾ ਜਾਵੇਗਾ। ਜ਼ੈਲੈਂਸਕੀ ਨੇ ਇਹ ਵੀ ਆਖਿਆ ਕਿ ਇਸ ਲਈ ਪੁਤਿਨ ਨੂੰ ਵੀ ਆਪ ਉਨ੍ਹਾਂ ਨਾਲ ਮੁਲਾਕਾਤ ਲਈ ਆਉਣਾ ਹੋਵੇਗਾ। ਦੇਸ਼ ਦੇ ਨਾਂ ਸੰਬੋਧਨ ਵਿੱਚ ਜਾਰੀ ਕੀਤੇ ਵੀਡੀਓ ਵਿੱਚ ਜ਼ੈਲੈਂਸਕੀ ਨੇ ਆਖਿਆ ਕਿ ਇਸ ਹਫਤੇ ਤੁਰਕੀ ਵਿੱਚ ਹੋਣ ਵਾਲੀ ਗੱਲਬਾਤ ਵਿੱਚ ਯੂਕਰੇਨ ਬਿਨਾਂ ਕਿਸੇ ਦੇਰ ਦੇ ਸ਼ਾਂਤੀ ਚਾਹੁੰਦਾ ਹੈ। ਇਹ ਗੱਲਬਾਤ ਇਸਤਾਨ-ਬੁਲ ਵਿੱਚ ਹੋ ਸਕਦੀ ਹੈ। ਤੁਰਕੀ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਦੋਵਾਂ ਟੀਮਾਂ ਦੇ ਸੋਮਵਾਰ ਦੁਪਹਿਰ ਨੂੰ ਇੱਥੇ ਪਹੁੰਚਣ ਦੀ ਸੰਭਾਵਨਾ ਹੈ ਤੇ ਇਸ ਸਬੰਧੀ ਗੱਲਬਾਤ ਮੰਗਲਵਾਰ ਨੂੰ ਸ਼ੁਰੂ ਹੋਣ ਦੀ ਸੰਭਾਵਨਾ ਹੈ।


















## ਅੱਜ ਨਾਮਾ

ਪੀ ਕੇ ਸੁਣੀਂਦਾ ਫੇਰ ਸਰਗਰਮ ਹੋਇਆ,
ਅਗਲੀ ਚੋਣ ਲਈ ਚੱਲਦਾ ਚਾਲ ਮੀਆਂ।
ਮਮਤਾ ਬੈਨਰਜੀ ਦਾ ਦਿੱਤਾ ਸਾਥ ਉਹਨੇ,
ਹੋਈ ਜਿੱਤ ਉਹਦੀ ਪਿਛਲੇ ਸਾਲ ਮੀਆਂ।
ਓਦੋਂ ਪਹਿਲਾਂ ਵੀ ਜਾਂਦਾ ਸੀ ਰਿਹਾ ਜਿੱਥੇ,
ਹਰ ਥਾਂ ਹੁੰਦਾ ਸੀ ਦਖਲ ਕਮਾਲ ਮੀਆਂ।
ਅਗਲੀ ਵਾਰੀ ਬਣਾਉਣੀ ਹੈ ਟੀਮ ਕਿੱਦਾਂ,
ਚੱਜ ਦੇ ਲੀਡਰਾਂ ਦੀ ਕਰਦਾ ਭਾਲ ਮੀਆਂ।
ਚਿਤਵਣੀ ਲੱਗੀ ਆ ਭਾਜਪਾ ਆਗੂਆਂ ਨੂੰ,
ਆਦਮੀ ਸਾਡਾ ਸੀ ਹੋ ਗਿਆ ਦੂਰ ਮੀਆਂ।
ਚੱਲਦਾ ਏਦਾਂ ਦੀ ਚਾਲ ਹੀ ਗਿਆ ਜੇਕਰ,
ਚਾੜ੍ਹਦਾ ਲੱਗਦਾ ਕੁਝ ਚੰਦ ਜ਼ਰੂਰ ਮੀਆਂ।

**ਤੀਸ ਮਾਰ ਖਾਂ**

# ਭਗਵੰਤ ਮਾਨ ਸਰਕਾਰ ਦਾ ਵੱਡਾ ਫੈਸਲਾ: ਪੰਜਾਬ ਦੇ ਲੋਕਾਂ ਨੂੰ ਰਾਸ਼ਣ ਸਪਲਾਈ ਘਰੋ-ਘਰੀ ਮਿਲੇਗੀ

ਚੰਡੀਗੜ੍ਹ, 28 ਮਾਰਚ, (ਪੋਸਟ ਬਿਊਰੋ)- ਪੰਜਾਬ ਵਿੱਚ ਰਾਸ਼ਨ ਦੀ ਡੋਰ ਸਟੈੱਪ ਡੀਲਿਵਰੀ ਸ਼ੁਰੂ ਕੀਤੀ ਜਾਏਗੀ। ਇਸ ਬਾਰੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਫੈਸਲਾਲਿਆ ਹੈ ਕਿ ਰਾਸ਼ਨ ਦੀ ਡੋਰ ਸਟੈਪ ਡੀਲਿਵਰੀ ਕੀਤੀ ਜਾਏਗੀ ਤੇ ਲੋਕਾਂ ਨੂੰ ਘਰੋ-ਘਰੀ ਰਾਸ਼ਨ ਮਿਲੇਗਾ। ਇਸ ਡੋਰ ਸਟੈਪ ਡੀਲਿਵਰੀ ਵਿੱਚ ਬਦਲ ਹੋਵੇਗਾ ਕਿ ਰਾਸ਼ਨ ਡੀਪੂ ਤੋਂ ਵੀ ਰਾਸ਼ਨ ਲਿਆ ਜਾ ਸਕਦਾ ਹੈ। ਅਗਲੇ ਕੁਝ ਦਿਨਾਂ ਵਿੱਚ ਇਹ ਡੀਲਿਵਰੀ ਸ਼ੁਰੂ ਹੋ ਜਾਏਗੀ।



ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਦੇ ਇਸ ਫੈਸਲੇ ਨਾਲ ਪੰਜਾਬ ਸਰਕਾਰ ਦੇ ਕਰਮਚਾਰੀ ਫੋਨ ਕਰਕੇ ਲੋਕਾਂ ਤੋਂ ਉਨ੍ਹਾਂ ਨੂੰ ਠੀਕ ਲੱਗਦਾ ਸਮਾਂ ਲੈਣਗੇ ਅਤੇ ਫਿਰ ਰਾਸ਼ਨ ਘਰ ਪੁਚ-ਾਇਆ ਜਾਏਗਾ।ਇਹ ਸਕੀਮ ਪਹਿਲਾਂ ਦਿੱਲੀਵਿੱਚ ਅਰਵਿੰਦ ਕੇਜਰੀਵਾਲ ਸਰਕਾਰ ਨੇ ਸ਼ੁਰੂ ਕੀਤੀ ਸੀ, ਪਰ ਕੇਂਦਰ ਸਰਕਾਰ ਨੇ ਰੋਕ ਦਿੱਤੀ ਸੀ। ਉਹੀ ਸਕੀਮ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਏਥੇਲਾਗੂ ਕਰਨ ਦਾ ਫੈਸਲਾ ਕੀਤਾ ਹੈ।ਮੁੱਖ ਮੰਤਰੀ ਭਗਵੰਤ ਮਾਨ ਨੇ ਵੀਡੀਓ ਜਾਰੀ ਕਰ ਕੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਰਾਸ਼ਨ ਲਈ ਲੰਬੀਆਂ ਕਤਾਰਾਂ ਵਿੱਚਖੜੇ ਹੋਣਾ ਪੈਂਦਾ ਹੈ, ਜਦ ਕਿ ਅੱਜ ਦੇ ਸਮੇਂ ਦੁਨੀਆ ਇੰਨੀ ਤੇਜ਼ ਚੱਲਦੀ ਹੈ ਕਿ ਇੱਕ ਫੋਨ, ਇੱਕ ਕਲਿਕ ਉੱਤੇ ਸਮਾਨ ਘਰ ਪੁੱਜਦਾ ਹੈ।ਉਨ੍ਹਾਂ ਕਿਹਾ ਕਿ ਕਈ ਵਾਰ ਗਰੀਬਾਂ ਨੂੰ ਰਾਸ਼ਨ ਲੈਣ ਲਈ ਦਿਹਾੜੀ ਛੱਡਣੀ ਪੈਂਦੀ ਹੈ।ਭਗਵੰਤ ਮਾਨ ਨੇ ਕਿਹਾ ਕਿ ਡੋਰ ਸਟੈਪ ਡੀਲਿਵਰੀ ਨਾਲਸਾਫ-ਸੁਥਰਾ ਰਾਸ਼ਨ ਵਧੀਆ ਬੋਰੀਆਂ ਵਿੱਚਦਿੱਤਾ ਜਾਏਗਾ।ਉਨ੍ਹਾਂ ਕਿਹਾ ਕਿ ਮੈਂ ਐਸੀਆਂ ਬਜ਼ੁਰਗ ਔਰਤਾਂ ਨੂੰ ਜਾਣਦਾ ਹਾਂ, ਜੋ ਰਾਸ਼ਨ ਲਈ ਕਈ-ਕਈ ਕਿਲੋਮੀਟਰ ਪੈਦਲ ਜਾਂਦੀਆਂ ਹਨ, ਇਸ ਸਕੀਮ ਨਾਲ ਉਨ੍ਹਾਂ ਨੂੰ ਲਾਭ ਮਿਲੇਗਾ।

# ਪਾਕਿ ਪਾਰਲੀਮੈਂਟ ਵਿੱਚ ਇਮਰਾਨ ਖਾਨ ਦੇ ਖਿਲਾਫ ਬੇਭਰੋਸਗੀ ਮਤੇ ਦੀ ਕਾਰਵਾਈ ਸ਼ੁਰੂ

### * ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਅਸਤੀਫਾ

ਇਸਲਾਮਾਬਾਦ, 28 ਮਾਰਚ, (ਪੋਸਟ ਬਿਊਰੋ)- ਪਾਕਿਸਤਾਨ ਵਿੱਚਅੱਜ ਸੋਮਵਾਰ ਨੈਸ਼ਨਲ ਅਸੈਂਬਲੀ ਦਾ ਸੈਸ਼ਨਸ਼ੁਰੂਹੁੰਦੇ ਸਾਰ ਦੇਸ਼ ਵਿੱਚ ਚੱਲਦੇ ਸਿਆਸੀ ਅੰਦੋਲਨ ਦੇ ਦੌਰਾਨ ਵਿਰੋਧੀ ਧਿਰ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਖਿਲਾਫ ਬੇਭਰੋਸਗੀ ਮਤਾ ਪੇਸ਼ ਕਰ ਦਿੱਤਾ ਅਤੇ ਇਸ ਉੱਤੇ ਕਾਰਵਾਈ ਸ਼ੁਰੂ ਹੋ ਗਈ ਹੈ।



ਨਿਊਜ਼ ਏਜੰਸੀ ਦੀ ਰਿਪੋਰਟ ਮੁਤਾਬਕ ਵਿਰੋਧੀ ਧਿਰ ਦੇ ਨੇਤਾ ਅਤੇ ਪੀਐਮਐਲ-ਐਨ ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ਼ ਨੇ ਇਹ ਬੇਭਰੋਸਗੀ ਮਤਾ ਪੇਸ਼ ਕੀਤਾ। ਪਾਕਿਸਤਾਨੀ ਰਾਜਨੀਤੀ ਵਿਚ ਇਸ ਨੂੰ ਬਹੁਤ ਅਹਿਮ ਸਥਿਤੀ ਕਿਹਾ ਜਾ ਰਿਹਾ ਹੈ, ਕਿਉਂਕਿ ਬਦਲਦੇ ਹਾਲਤ ਤੇ ਸਹਿਯੋਗੀਆਂ ਦੇ ਬਾਗੀ ਰੁਖ ਕਾਰਨ ਇਮਰਾਨ ਖਾਨ ਦੀ ਸਿਆਸੀ ਕਿਸਮਤ ਹਵਾ ਵਿੱਚ ਲਟਕ ਰਹੀ ਹੈ। ਨੈਸ਼ਨਲ ਅਸੈਂਬਲੀ ਦੇ ਡਿਪਟੀ ਸਪੀਕਰ ਕਾਸਿਮ ਸੂਰੀ ਨੇ ਪਾਰਲੀਮੈਂਟ ਦੇ ਉਨ੍ਹਾਂ ਮੈਂਬਰਾਂ ਨੂੰ ਖੜੇ ਹੋਣ ਲਈ ਕਿਹਾ, ਜਿਹੜੇ ਬੇਭਰੋਸਗੀ ਮਤਾ ਵਿਚਾਰਨ ਦੇ ਹੱਕ ਵਿੱਚ ਹਨ।ਚੈਨਲ ਜੀਓ ਨਿਊਜ਼ ਦੀ ਰਿਪੋਰਟ ਮੁਤਾਬਕ ਨੈਸ਼ਨਲ ਅਸੈਂਬਲੀ ਦੇ ਸਪੀਕਰ ਅਸਦ ਕੈਸਰ ਨੇ ਅੱਜ ਦੇ ਸੈਸ਼ਨ ਤੋਂ ਕੁਝ ਸਮਾਂ ਪਹਿਲਾਂ ਵਿਰੋਧੀ ਧਿਰ ਦੇ ਨੇਤਾ ਨਾਲ ਮੁਲਾਕਾਤ ਕੀਤੀ ਤੇ ਭਰੋਸਾ ਦਿੱਤਾ ਕਿ ਬੇਭਰੋਸਗੀ ਮਤਾ ਪੇਸ਼ ਹੋਣ ਤੋਂ ਬਾਅਦ ਸੈਸ਼ਨ ਨੂੰ ਮੁਲਤਵੀ ਕਰ ਦਿੱਤਾ ਜਾਵੇਗਾਅਤੇ ਸੈਸ਼ਨ ਮੁੜ ਸ਼ੁਰੂ ਹੋਣ ਉੱਤੇ ਬੇਭਰੋਸਗੀ ਮਤੇ ਉੱਤੇ ਬਹਿਸ ਹੋਵੇਗੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮ-ਰਾਨ ਖ਼ਾਨ ਤੋਂ ਬਾਅਦ ਵਿਰੋਧੀ ਧਿਰ ਨੇ ਪੰਜਾਬ ਵਿਧਾਨ ਸਭਾ ਵਿੱਚਓਥੋਂ ਦੇ ਮੁੱਖ ਮੰਤਰੀ ਦੇ ਖਿਲਾਫ ਵੀ ਬੇਭਰੋਸਗੀ ਮਤਾ ਪੇਸ਼ ਕਰ ਦਿੱਤਾ ਹੈ।ਅੱਜ ਸੋਮਵਾਰ ਨੂੰ ਮੁੱਖ ਮੰਤਰੀ ਉਸਮਾਨ ਬੁਜ਼ਦਾਰ ਵਿਰੁੱਧ ਮਤਾ ਪੇਸ਼ ਕੀਤਾ ਗਿਆ ਹੈ। ਸੀਨੀਅਰ ਵਿਧਾਇਕਾਂ ਨੇ ਵਿਧਾਨ ਸਭਾ ਦੇ ਸੈਕਟਰੀ ਮੁਹੰਮਦ ਖਾਨ ਭੱਟੀ ਅੱਗੇ ਮੁੱਖ ਮੰਤਰੀ ਬੁਜ਼ਦਾਰ ਵਿਰੁੱਧ ਬੇਭਰੋਸਗੀ ਮਤਾ ਪੇਸ਼ ਕੀਤਾ। ਵਿਧਾਨ ਸਭਾਸੈਕਟਰੀ ਨੇ ਕਿਹਾਕਿ ਮਤਾ ਪੇਸ਼ ਹੋਇਆ ਹੈ ਤੇ ਇਹ ਨਿਯਮਾਂ ਅਨੁਸਾਰ ਵਿਧਾਨ ਸਭਾ ਸਪੀਕਰ ਨੂੰ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਪੀਕਰ ਚੌਧਰੀ ਪਰਵੇਜ਼ ਇਲਾਹੀ ਇਸ ਮਤੇ ਅਤੇ ਮੰਗ ਦੇਬਾਰੇ ਸੰਵਿਧਾਨ ਤੇ ਕਾਨੂੰਨ ਅਨੁਸਾਰ ਕਾਰਵਾਈ ਕਰਨਗੇ। ਇਸ ਦੌਰਾਨ ਖਬਰ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਅੱਜ ਆਪਣਾ ਅਸਤੀਫਾ ਪ੍ਰਧਾਨ ਮੰਤਰੀ ਨੂੰ ਭੇਜ ਦਿੱਤਾ ਹੈ।

# ਚੰਡੀਗੜ੍ਹ ਬਾਰੇ ਫੈਸਲਾ: ਕੈਪਟਨ ਅਮਰਿੰਦਰ ਭਾਜਪਾ ਦੀ ਕੇਂਦਰ ਸਰਕਾਰ ਨਾਲ ਜਾ ਖੜੋਤਾ

ਚੰਡੀਗੜ੍ਹ, 28 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਉੱਤੇ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਨ ਨਾਲ ਕੰਮ ਕਰਦੇ ਮੁਲਾਜ਼ਮਾਂ ਨੂੰ ਕੇਂਦਰੀ ਲਾਭ ਦੇਣ ਵਾਲੇ ਕੇਂਦਰ ਸਰਕਾਰ ਦੇ ਰੁਟੀਨ ਪ੍ਰਸ਼ਾਸਨਿਕ ਫੈਸਲੇ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਦੋਸ਼ ਲਾਇਆ ਅਤੇ ਇਸ ਤਰ੍ਹਾਂ ਕਰਨ ਦੀ ਤਿੱਖੀ ਆਲੋਚਨਾ ਕੀਤੀ ਹੈ। ਅੱਜ ਏਥੇ ਜਾਰੀ ਕੀਤੇ ਇੱਕ ਬਿਆਨ ਵਿੱਚਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਚੰਡੀਗੜ੍ਹ ਪ੍ਰਸ਼ਾਸਨ ਦੇਮੁਲਾਜ਼ਮਾਂ ਦੀ ਲੰਬੇ ਸਮੇਂ ਤੋਂ ਲਟਕ ਰਹੀ ਮੰਗ ਸੀਕਿ ਉਨ੍ਹਾਂ ਨੂੰ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਬਰਾਬਰ ਸਭ ਸੇਵਾਵਾਂ ਦੇ ਲਾਭ ਚਾਹੀਦੇ ਹਨ ਤੇ ਇਨ੍ਹਾਂ ਮੁਲਾਜ਼ਮਾਂ ਵਿੱਚੋਂ ਬਹੁਤੇ ਪੰਜਾਬੀ ਹਨ। ਕੇਂਦਰ ਨੇ ਉਨ੍ਹਾਂ ਦੀ ਮੰਗ ਮੰਨੀ ਹੈ ਤਾਂ ਕੀ ਗਲਤ ਹੈ ਤੇ ਚੰਡੀਗੜ੍ਹ ਉੱਤੇ ਪੰਜਾਬ ਦਾ ਦਾਅਵਾ ਇਸ ਨਾਲ ਪੇਤਲਾ



ਹੋ ਜਾਣ ਦੀ ਗੱਲ ਕਿੱਥੇ ਹੈ?' ਉਨ੍ਹਾਂ ਕਿਹਾ ਕਿ 'ਮੈਂ ਪੰਜਾਬ ਦੇ ਹਿੱਤਾਂ ਵਿਰੁੱਧਹਰ ਕਦਮ ਦਾ ਵਿਰੋਧ ਕਰਨ ਵਾਲਾ ਪਹਿਲਾ ਵਿਅਕਤੀ ਹੋਵਾਂਗਾ।'ਉਨ੍ਹਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣੇ ਮੁੱਖਆਗੂ ਅਰਵਿੰਦ ਕੇਜਰੀਵਾਲ ਤੋਂ ਸਤਲੁਜ ਯਮੁਨਾ ਲਿੰਕ ਨਹਿਰ ਬਾਰੇ ਸਟੈਂਡ ਦਾ ਸਪਸ਼ਟੀਕਰਨ ਲੈਣ ਲਈ ਕਿਹਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਨੂੰ ਸਲਾਹ ਦਿੱਤੀ ਕਿ ਉਹ ਪੰਜਾਬ ਦੇ ਮੁਲਾਜ਼ਮਾਂ ਨੂੰ ਵੀ ਉਹੀ ਲਾਭ ਦੇਣ, ਜੋ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਮੁਲਾਜ਼ਮਾਂ ਨੂੰ ਦਿੱਤੇ ਗਏ ਹਨ।

# ਦਿੱਲੀ ਅਤੇ ਪੱਛਮੀ ਬੰਗਾਲ ਵਿਧਾਨ ਸਭਾਵਾਂ ਵਿੱਚ ਲੋਕਤੰਤਰ ਦਾ ਜਲੂਸ ਨਿਕਲਿਆ

### * ਦਿੱਲੀ ਵਿੱਚ ਹੰਗਾਮਾ ਕਰਦੇ ਤਿੰਨ ਭਾਜਪਾ ਵਿਧਾਇਕ ਬਾਹਰ ਕੱਢੇ
### * ਬੰਗਾਲ ਵਿਚ ਮਾਰਕੁੱਟ, ਹਿੰਸਕ ਸਥਿਤੀ ਬਣੀ

ਨਵੀਂ ਦਿੱਲੀ, 28 ਮਾਰਚ, (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਦੇ ਸਪੀਕਰ ਰਾਮ ਨਿਵਾਸ ਗੋਇਲ ਨੇ ਭਾਰਤੀ ਜਨਤਾ ਪਾਰਟੀ ਦੀ ਸ਼ਹਿਰੀ ਇਕਾਈ ਦੇ ਪ੍ਰਧਾਨ ਆਦੇਸ਼ ਕੁਮਾਰ ਵੱਲੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖਿਲਾਫ਼ ਕੀਤੀ ਗਈ 'ਅਪਮਾਨਜਨਕ' ਟਿੱਪਣੀ ਬਾਰੇ ਸਦਨ ਵਿੱਚ ਭਾਜਪਾ ਵਿਧਾਇਕਾਂ ਵਿਰੁੱਧ ਸਖਤੀ ਦਿਖਾਈ ਹੈ।

ਅੱਜ ਇਸ ਕੇਸ ਵਿੱਚ ਆਮ ਆਦਮੀ ਪਾਰਟੀ ਨਾਲ ਫਸਣ ਉੱਤੇ ਭਾਜਪਾ ਵਿਧਾਇਕਾਂ ਨੂੰ ਦਿਨ ਭਰ ਲਈ ਸਸਪੈਂਡ ਕਰ ਦਿੱਤਾ ਗਿਆ। ਇਹ ਭਾਜਪਾ ਵਿਧਾਇਕ ਅਨਿਲ ਵਾਜਪਾਈ, ਜਤਿੰਦਰ ਮਹਾਜਨ ਤੇ ਅਜੇ ਮਹਾਵਰ ਆਪਣੀ ਥਾਂ ਖੜ੍ਹੇ ਹੋ ਗਏ ਤਾਂ ਸਪੀਕਰ ਨੇ ਉਨ੍ਹਾਂ ਨੂੰ ਬੈਠਣ ਨੂੰ ਕਿਹਾ ਸੀ, ਪਰ ਉਹ ਨਾ ਮੰਨੇ ਤਾਂ ਸਪੀਕਰ ਨੇ ਉਨ੍ਹਾਂ ਨੂੰ ਹਾਊਸ ਤੋਂ ਜਾਣਨੂੰ ਕਿਹਾ।ਇਸ ਪਿੱਛੋਂ ਇਕ ਵਾਰ ਫਿਰ ਕਾਰਵਾਈ 15 ਮਿੰਟ ਮੁਲਤਵੀ ਹੋ ਗਈ। ਪਹਿਲਾਂ ਸਵੇਰੇ ਵੀ ਸਦਨ ਦੀ ਕਾਰਵਾਈ 15 ਮਿੰਟ ਮੁਲਤਵੀ ਕੀਤੀ ਗਈ ਸੀ।ਜਦੋਂ ਕਾਰਵਾਈ ਸ਼ੁਰੂ ਹੋਈ ਤਾਂ ਆਮ ਆਦਮੀ ਪਾਰਟੀ ਦੇ ਵਿਧਾਇਕ ਸਪੀਕਰ ਦੇ ਮੰਚ ਨੇੜੇ ਆ ਗਏ ਤੇ ਭਾਜਪਾਆਗੂਵੱਲੋਂ ਕੇਜਰੀਵਾਲ ਵਿਰੁੱਧ ਕੀਤੀ ਟਿੱਪਣੀਵਿਰੁੱਧ ਨਾਅਰੇ ਲਾਉਣ ਲੱਗ ਪਏ।ਆਮ ਆਦਮੀ ਪਾਰਟੀ ਦੇ ਵਿਧਾਇਕ ਮਹਿੰਦਰ ਗੋਇਲ ਨੇ ਭਾਜਪਾ ਆਗੂ ਗੁਪਤਾ ਤੋਂ ਮੁਆਫ਼ੀ ਮੰਗਣ ਦੀ ਮੰਗ ਦੇ ਨਾਲ ਉਸ ਦੇ ਵਿਰੁੱਧ ਨਿੰਦਾ ਮਤਾ ਲਿਆਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ, 'ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇਵਿਰੁੱਧ ਅਪਮਾਨਜਨਕ ਟਿੱਪਣੀਆਂ ਲਈ ਭਾਜਪਾ ਦੇਦਿੱਲੀ ਦੇ ਪ੍ਰਧਾਨ ਆਦੇਸ਼ ਗੁਪਤਾ ਵਿਰੁੱਧ ਸਦਨ ਵਿੱਚ ਨਿੰਦਾ ਮਤਾਪਾਸ ਕੀਤਾ ਜਾਣਾ ਚਾਹੀਦਾ ਹੈ ਅਤੇ ਵਿਰੋਧੀ ਧਿਰ ਦੇ ਨੇਤਾ ਨੂੰ ਇਸ ਬਾਰੇ ਹਾਊਸ ਵਿੱਚ ਮੁਆਫ਼ੀ ਮੰਗਣੀ ਚਾਹੀਦੀ ਹੈ।'

ਦੂਸਰੇ ਪਾਸੇ ਪੱਛਮੀ ਬੰਗਾਲ ਵਿਧਾਨ ਸਭਾਦੇ ਬਜਟ ਸੈਸ਼ਨ ਦੇ ਆਖ਼ਰੀ ਦਿਨ ਬੀਰਭੂਮ ਜ਼ਿਲ੍ਹੇ ਦੇ ਬੋਗਟੂਈ ਵਿੱਚ ਹੋਈ ਹਿੰਸਾ ਬਾਰੇ ਅੱਜ ਸੋਮਵਾਰ ਨੂੰ ਹਾਕਮ ਤ੍ਰਿਣਮੂਲ ਕਾਂਗਰਸ ਅਤੇ ਮੁੱਖ ਵਿਰੋਧੀ ਪਾਰਟੀ ਭਾਜਪਾ ਦੇ ਵਿਧਾਇਕ ਭਿੜ ਗਏਅਤੇ ਸਦਨ ਵਿੱਚ ਜ਼ਬਰਦਸਤ ਮਾਰਕੁੱਟਨ-ਾਲ ਦੋਵੇਂ ਧਿਰਾਂ ਦੇ ਇਕ ਦਰਜਨ ਤੋਂ ਵੱਧ ਵਿਧਾਇਕ ਜ਼ਖ਼ਮੀ ਹੋ ਗਏ। ਇਸ ਬਾਰੇ ਵਿਧਾਨ ਸਭਾ ਦੇ ਸਪੀਕਰ ਬਿਮਾਨ ਬੈਨਰਜੀ ਨੇ ਵਿਰੋਧੀ ਧਿਰ ਦੇ ਆਗੂ ਸੁਵੇਂਦੂ ਅਧਿਕਾਰੀ ਸਣੇ ਭਾਜਪਾ ਦੇ ਪੰਜ ਵਿਧਾਇਕਾਂ ਨੂੰ ਸਸਪੈਂਡ ਕਰ ਦਿੱਤਾ। ਅਸਲ ਵਿੱਚ ਜਦੋਂ ਵਿਧਾਨ ਸਭਾ ਸੈਸ਼ਨ ਸ਼ੁਰੂ ਹੋਇਆ ਤਾਂ ਭਾਜਪਾ ਵਿਧਾਇਕਾਂ ਨੇ ਰਾਜ ਵਿੱਚ ਅਮਨ ਕਾਨੂੰਨ ਦੀ ਵਿਗੜਦੀ ਹਾਲਤ ਬਾਰੇ ਮੁੱਖ ਮੰਤਰੀ ਦੇ ਬਿਆਨ ਦੀ ਮੰਗ ਕੀਤੀ। ਜਦੋਂ ਸੁਣਵਾਈ ਨਹੀਂ ਹੋਈ ਤਾਂ ਉਹ ਆਪਣੀ ਗੱਲ ਕਹਿੰਦੇ ਹੋਏ ਵਿਧਾਨ ਸਭਾ ਦੇ ਸਪੀਕਰ ਅੱਗੇ ਜਾ ਕੇ ਪ੍ਰਦਰਸ਼ਨ ਕਰਨ ਲੱਗੇ। ਸਪੀਕਰ ਨੇ ਉਨ੍ਹਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਨਹੀਂ ਮੰਨੇ ਅਤੇ ਨਾਅਰੇਬਾਜ਼ੀ ਜਾਰੀ ਰੱਖੀ। ਇਸ ਪਿੱਛੋਂ ਟੀਐੱਮਸੀ ਤੇ ਭਾਜਪਾ ਵਿਧਾਇਕਾਂਦੀ ਜ਼ੁਬਾਨੀ ਜੰਗ ਸ਼ੁਰੂ ਹੋਈ ਤੇ ਫਿਰ ਧਿਰਾਂ ਦੇ ਵਿਧਾਇਕ ਭਿੜ ਗਏ। ਇਸ ਵਿਚ ਦੋਵੇਂ ਧਿਰਾਂ ਦੇ ਕਈ ਵਿਧਾਇਕ ਜ਼ਖ਼ਮੀ ਹੋਏ। ਟੀਐੱਮਸੀ ਦੇ ਵਿਧਾਇਕ ਅਸਿਤ ਮਜੂਮਦਾਰ ਦਾ ਨੱਕ ਫਟ ਗਿਆ। ਇਸਪਿੱਛੋਂ ਸੁਵੇਂਦੂ ਅਧਿਕਾਰੀ ਦੀ ਅਗਵਾਈ ਵਿੱਚ ਲਗਪਗ 25 ਭਾਜਪਾ ਵਿਧਾਇਕਾਂ ਨੇ ਹਾਊਸ ਦਾ ਬਾਈਕਾਟ ਕਰ ਦਿੱਤਾ।

ਹਾਊਸ ਵਿੱਚ ਇਤਰਾਜ਼ਯੋਗ ਵਿਹਾਰ ਨੂੰ ਲੈ ਕੇ ਵਿਧਾਨ ਸਭਾ ਦੇ ਸਪੀਕਰ ਨੇ ਭਾਜਪਾ ਦੇ ਪੰਜ ਵਿਧਾਇਕਾਂ ਸੁਵੇਂਦੂ ਅਧਿਕਾਰੀ, ਮਨੋਜ ਤਿੱਗਾ, ਸ਼ੰਕਰ ਘੋਸ਼, ਦੀਪਕ ਬਰਮਨ ਅਤੇ ਨਰਹਰੀ ਮਹਿਤੋ ਨੂੰ 2022 ਦੇ ਅਗਲੇ ਸਾਰੇ ਸੈਸ਼ਨਾਂ ਲਈ ਸਸਪੈਂਡ ਕਰ ਦਿੱਤਾ ਹੈ।ਇਸ ਉੱਤੇ ਇਤਰਾਜ਼ ਕਰਦੇ ਹੋਏ ਸੁਵੇਂਦੂ ਅਧਿਕਾਰੀ ਨੇ ਕਿਹਾ ਕਿ ਹਾਕਮ ਤ੍ਰਿਣਮੂਲ ਕਾਂਗਰਸ ਦੇ ਜਿਨ੍ਹਾਂ ਵਿਧਾਇਕਾਂ ਨੇ ਮਾਰਕੁੱਟ ਕੀਤੀ, ਉਨ੍ਹਾਂ ਖ਼ਿਲਾਫ਼ ਕਾਰਵਾਈ ਦੀ ਥਾਂ ਭਾਜਪਾ ਵਿਧਾਇਕਾਂ ਨੂੰ ਸਸਪੈਂਡ ਕੀਤੇ ਹਨ, ਅਸੀਂ ਇਸਦੇ ਖ਼ਿਲਾਫ਼ ਕੋਰਟ ਵਿੱਚ ਜਾਵਾਂਗੇ।

# ਕੇਰਲਾ ਹਾਈ ਕੋਰਟ ਵੱਲੋਂ ਮੁਲਾਜ਼ਮਾਂ ਦੇ ਹੜਤਾਲ ਦੇ ਹੱਕ ਦੇ ਖਿਲਾਫ ਫਤਵਾ

ਥਿਰੁਵਾਨੰਥਾਪੁਰਮ, 28 ਮਾਰਚ, (ਪੋਸਟ ਬਿਊਰੋ)- ਭਾਰਤਵਿੱਚ ਮੁਲਾਜ਼ਮਾਂ ਦੀ ਦੋ ਰੋਜ਼ਾ ਹੜਤਾਲ ਕਾਰਨ ਜਦੋਂ ਪੂਰਾ ਦੇਸ਼ ਪ੍ਰਭਾਵਿਤ ਹੋਇਆ ਹੈ, ਓਦੋਂ ਕੇਰਲ ਹਾਈ ਕੋਰਟ ਨੇ ਕੇਰਲ ਦੀ ਸਰਕਾਰ ਨੂੰ ਆਪਣੇ ਮੁਲਾਜ਼ਮਾਂ ਨੂੰ ਹੜਤਾਲ ਉੱਤੇ ਜਾਣ ਤੋਂ ਰੋਕਣ ਲਈ ਤੁਰੰਤ ਮਨਾਹੀ ਦੇ ਹੁਕਮ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਹਨ।

ਕੇਰਲ ਹਾਈ ਕੋਰਟ ਨੇ ਅੱਜ ਸੋਮਵਾਰ ਨੂੰ ਕੇਰਲ ਦੀ ਖੱਬੇ ਫਰੰਟ ਦੀ ਸਰਕਾਰ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਦੋ ਦਿਨਾਂ ਦੀ ਦੇਸ਼ ਵਿਆਪੀ ਹੜਤਾਲ ਮੌਕੇ ਆਪਣੇ ਮੁਲਾਜ਼ਮਾਂ ਨੂੰ ਹੜਤਾਲ ਉੱਤੇ ਜਾਣ ਤੋਂ ਰੋਕਣ ਲਈ ਤੁਰੰਤ ਮਨਾਹੀ ਦਾ ਹੁਕਮ ਜਾਰੀ ਕਰੇ। ਚੀਫ਼ ਜਸਟਿਸ ਐਸ ਮਣੀਕੁਮਾਰ ਅਤੇ ਜਸਟਿਸ ਸ਼ਾਜੀ ਪੀ. ਚਾਲੇ ਨੇ ਸੀਸੀ ਨਾਇਰ ਦੀ ਜਨਹਿੱਤ ਪਟੀਸ਼ਨ ਉਤੇ ਇਹ ਹੁਕਮਦਿੱਤੇ ਹਨ।ਪਟੀਸ਼ਨਰ ਵੱਲੋਂ ਪੇਸ਼ ਹੋਏ ਵਕੀਲ ਸਜੀਤ ਕੁਮਾਰ ਨੇ ਹੁਕਮਾਂ ਦੀ ਪੁਸ਼ਟੀ ਕੀਤੀ ਤੇ ਕਿਹਾ ਕਿ ਅਦਾਲਤ ਦਾ ਵਿਚਾਰ ਹੈ ਕਿ ਸਰਕਾਰੀ ਮੁਲਾਜ਼ਮਾਂ ਵੱਲੋਂ ਹੜਤਾਲਕਰਨਾ ਗੈਰ-ਕਾਨੂੰਨੀ ਹੈ ਕਿਉਂਕਿ ਉਨ੍ਹਾਂ ਦੀਆਂ ਸੇਵਾ ਸ਼ਰਤਾਂ ਵਿੱਚ ਇਸ ਦੀ ਮਨਾਹੀ ਹੈ। ਪਟੀਸ਼ਨਰ ਨੇ ਇਸ ਪਟੀਸ਼ਨ ਵਿੱਚ ਦਾਅਵਾ ਕੀਤਾ ਕਿ ਸੂਬਾ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਵਿਰੁੱਧ ਹੜਤਾਲ ਉੱਤੇ ਜਾਣ ਲਈ ਉਤਸ਼ਾਹਿਤ ਕਰ ਰਹੀ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Harcharan S. Grover
Chartered Accountant
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: granduphoslery@gmail.com

# ਭਾਰਤ ਪਹਿਲਾਂ ਹੀ ਵਿਸ਼ਵ ਬਾਜ਼ਾਰਾਂ ਵਿੱਚ ਮੋਹਰੀ ਦੇਸ਼ਾਂ ਵਿੱਚੋਂ ਇੱਕ ਹੈ

-ਵਿਜੈ ਗਰਗ-

ਆਰਥਿਕਤਾ ਦੀ ਮਜ਼ਬੂਤੀ ਲਈ, ਬਾਹਰੀ ਬਾਜ਼ਾਰ ਵਿੱਚ ਘਰੇਲੂ ਉਤਪਾਦਾਂ ਦਾ ਪ੍ਰਵੇਸ਼ ਬਹੁਤ ਮਹੱਤਵਪੂਰਨ ਹੈ। ਭਾਰਤ ਇਸ ਮਾਮਲੇ ਵਿੱਚ ਪਛੜ ਗਿਆ ਹੈ। ਇਸ ਦੇ ਆਯਾਤ ਅਤੇ ਨਿਰਯਾਤ ਵਿੱਚ ਬਹੁਤ ਵੱਡਾ ਅੰਤਰ ਹੈ। ਇਸ ਲਈ ਇਹ ਮੰਗ ਲਗਾਤਾਰ ਉਠਦੀ ਰਹੀ ਹੈ ਕਿ ਵਪਾਰਕ ਘਾਟੇ ਨੂੰ ਪੂਰਾ ਕਰਨ ਲਈ ਬਰਾਮਦ ਨੂੰ ਉਤਸ਼ਾਹਿਤ ਕੀਤਾ ਜਾਵੇ। ਇਹ ਪਹਿਲੀ ਵਾਰ ਹੈ ਜਦੋਂ ਸਰਕਾਰ ਦੇ ਨਿਰਧਾਰਤ ਟੀਚੇ ਨੂੰ ਪ੍ਰਾਪਤ ਕਰਦੇ ਹੋਏ ਮੌਜੂਦਾ ਵਿੱਤੀ ਸਾਲ ਵਿੱਚ ਨਿਰਯਾਤ $ 400 ਬਿਲੀਅਨ ਨੂੰ ਪਾਰ ਕਰ ਗਿਆ ਹੈ।

ਇਹ ਉਸ ਸਮੇਂ ਸੰਭਵ ਹੋਇਆ ਹੈ ਜਦੋਂ ਕੋਵਿਡ ਮਹਾਮਾਰੀ ਕਾਰਨ ਦੁਨੀਆ ਭਰ ਵਿੱਚ ਆਰਥਿਕ ਗਤੀਵਿਧੀਆਂ ਸੁਸਤ ਪਈਆਂ ਸਨ ਅਤੇ ਫਿਰ ਰੂਸ-ਯੂਕਰੇਨ ਯੁੱਧ ਕਾਰਨ ਬਾਹਰੀ ਬਾਜ਼ਾਰ ਨੂੰ ਨੁਕਸਾਨ ਹੋਣਾ ਸ਼ੁਰੂ ਹੋ ਗਿਆ ਸੀ। ਬਿਨਾਂ ਸ਼ੱਕ, ਇਸ ਪ੍ਰਾਪਤੀ ਨੇ ਸਰਕਾਰ ਦਾ ਮਨੋਬਲ ਵਧਾਇਆ ਅਤੇ ਆਰਥਿਕਤਾ ਨੂੰ ਲੀਹ 'ਤੇ ਲਿਆਉਣ ਦੇ ਸੰਕਲਪ ਨੂੰ ਮਜ਼ਬੂਤ ਕੀਤਾ।

ਇਸ ਨੂੰ ਵੱਡੀ ਪ੍ਰਾਪਤੀ ਮੰਨਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਇਹ ਸਵੈ-ਨਿਰਭਰ ਭਾਰਤ ਦੀ ਯਾਤਰਾ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗਾ। ਕੁਦਰਤੀ ਤੌਰ 'ਤੇ, ਨਿਰਯਾਤ ਵਧਣ ਨਾਲ, ਭਾਵ ਸੂਖਮ, ਛੋਟੇ ਅਤੇ ਦਰਮਿਆਨੇ ਉਦਯੋਗਾਂ ਨੂੰ ਉਤਸ਼ਾਹ ਮਿਲੇਗਾ। ਵਿੱਚ ਸੁਧਾਰ ਦਾ ਅਰਥ ਹੈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨਾ ਕਿਉਂਕਿ ਇਸ ਸੈਕਟਰ ਵਿੱਚ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਹਨ। ਕਰੋਨਾ ਮਹਾਂਮਾਰੀ ਕਾਰਨ ਮੁਕੰਮਲ ਬੰਦ ਨੇ ਇਸ ਖੇਤਰ ਦਾ ਬੁਰਾ ਹਾਲ ਕਰ ਦਿੱਤਾ ਸੀ। ਹੁਣ ਬਰਾਮਦ ਵਧਣ ਨਾਲ ਇਸ ਸੈਕਟਰ ਨੂੰ ਹੁਲਾਰਾ ਮਿਲੇਗਾ।

ਹੁਣ ਤੱਕ ਕੁਝ ਦੇਸ਼ ਜਿਵੇਂ ਚੀਨ, ਅਮਰੀਕਾ ਆਦਿ ਵਿਸ਼ਵ ਮੰਡੀਆਂ 'ਤੇ ਹਾਵੀ ਹਨ। ਭਾਰਤ ਲਈ ਇਸ ਨੂੰ ਤੋੜਨਾ ਔਖਾ ਸੀ। ਪਰ ਕੋਰੋਨਾ ਦੇ ਦੌਰ 'ਚ ਜਦੋਂ ਦੁਨੀਆ ਦੀਆਂ ਵੱਡੀਆਂ-ਵੱਡੀਆਂ ਫੈਕਟਰੀਆਂ ਬੰਦ ਹੋ ਗਈਆਂ ਤਾਂ ਭਾਰਤ ਵਰਗੇ ਦੇਸ਼ਾਂ ਨੂੰ ਉਨ੍ਹਾਂ ਬਾਜ਼ਾਰਾਂ 'ਚ ਪੈਰ ਪਸਾਰਨ ਦੀ ਜਗ੍ਹਾ ਮਿਲੀ। ਭਾਰਤ ਵਿੱਚ ਜਿਨ੍ਹਾਂ ਖੇਤਰਾਂ ਵਿੱਚ ਨਿਰਯਾਤ ਵਧਿਆ ਹੈ, ਉਹ ਹਨ ਪੈਟਰੋਲੀਅਮ ਉਤਪਾਦ, ਰਸਾਇਣ, ਰਤਨ, ਗਹਿਣੇ ਅਤੇ ਇੰਜਨੀਅਰਿੰਗ। ਇਨ੍ਹਾਂ ਖੇਤਰਾਂ ਵਿੱਚ ਰੁਜ਼ਗਾਰ ਦੇ ਬਹੁਤ ਮੌਕੇ ਹਨ। ਭਾਰਤ ਪਹਿਲਾਂ ਹੀ ਹੀਰਿਆਂ ਦੇ ਕਾਰੋਬਾਰ ਵਿੱਚ ਮੋਹਰੀ ਦੇਸ਼ਾਂ ਵਿੱਚੋਂ ਇੱਕ ਹੈ। ਇਸ ਵਿੱਚ ਕੁਟੀਰ ਉਦਯੋਗ ਦਾ ਕੰਮ ਕਰਨ ਵਾਲੇ ਬਹੁਤ ਸਾਰੇ ਲੋਕ ਵੀ ਸ਼ਾਮਲ ਹਨ।

ਕੋਵਿਡ ਕਾਰਨ ਅਰਥਵਿਵਸਥਾ 'ਚ ਆਈ ਮੰਦੀ ਦੇ ਦੌਰ 'ਚ ਸਰਕਾਰ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨਾ ਹੈ। ਲੌਕਡਾਊਨ ਦੌਰਾਨ ਲੱਖਾਂ ਲੋਕਾਂ ਦੀ ਨੌਕਰੀ ਚਲੀ ਗਈ, ਦੀਆਂ ਕਈ ਫੈਕਟਰੀਆਂ ਨੂੰ ਤਾਲੇ ਲੱਗ ਗਏ। ਉਨ੍ਹਾਂ ਕੋਲ ਨਵਾਂ ਕਾਰੋਬਾਰ ਸ਼ੁਰੂ ਕਰਨ ਲਈ ਪੂੰਜੀ ਵੀ ਨਹੀਂ ਸੀ, ਉਪਰੋਂ ਕਰਜ਼ੇ ਦਾ ਬੋਝ ਸੀ। ਭਾਵੇਂ ਸਰਕਾਰ ਨੇ ਆਸਾਨ ਸ਼ਰਤਾਂ 'ਤੇ ਕਰਜ਼ਿਆਂ ਦਾ ਪ੍ਰਬੰਧ ਕੀਤਾ ਸੀ, ਪਰ ਉੱਦਮੀਆਂ ਦੇ ਹੌਸਲੇ ਜਵਾਬ ਦੇ ਗਏ। ਇਸ ਦਾ ਮੁੱਖ ਕਾਰਨ ਇਹ ਸੀ ਕਿ ਉਨ੍ਹਾਂ ਦੇ ਉਤਪਾਦ ਦੀ ਮਾਰਕੀਟ ਨਜ਼ਰ ਨਹੀਂ ਆ ਰਹੀ ਸੀ।

ਦਰਾਮਦ ਨਾਲੋਂ ਬਰਾਮਦ ਵਧਣ ਦਾ ਇਕ ਵੱਡਾ ਕਾਰਨ ਇਹ ਹੈ ਕਿ ਸਰਕਾਰ ਨੇ ਘਰੇਲੂ ਉਤਪਾਦਾਂ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਕਈ ਵਸਤੂਆਂ 'ਤੇ ਦਰਾਮਦ ਡਿਊਟੀ ਵਧਾ ਦਿੱਤੀ ਗਈ ਹੈ, ਜਿਸ ਕਾਰਨ ਦੇਸੀ ਉਤਪਾਦ ਬਾਹਰੀ ਵਸਤੂਆਂ ਦੇ ਮੁਕਾਬਲੇ ਕੀਮਤ ਅਤੇ ਗੁਣਵੱਤਾ ਵਿੱਚ ਮੁਕਾਬਲੇ ਵਿੱਚ ਖੜ੍ਹੇ ਹੋਣ ਦੇ ਯੋਗ ਹੋ ਗਏ ਹਨ। ਫਿਰ ਇਹ ਹੋਰ ਵੀ ਤਸੱਲੀ ਵਾਲੀ ਗੱਲ ਹੈ ਕਿ ਇਹ ਬਾਹਰਲੇ ਬਾਜ਼ਾਰਾਂ ਵਿਚ ਨਵੀਆਂ ਥਾਵਾਂ ਲੱਭਣ ਵਿਚ ਸਫਲ ਰਿਹਾ ਹੈ।

ਹੁਣ ਤੱਕ ਭਾਰਤੀ ਉਤਪਾਦ ਗੁਣਵੱਤਾ ਅਤੇ ਕੀਮਤ ਦੇ ਲਿਹਾਜ਼ ਨਾਲ ਵਿਦੇਸ਼ੀ ਵਸਤੂਆਂ ਦਾ ਮੁਕਾ-ਬਲਾ ਕਰਨ ਦੇ ਸਮਰੱਥ ਨਹੀਂ ਸਨ। ਹੁਣ ਜਦੋਂ ਉਨ੍ਹਾਂ ਦੀ ਪਹੁੰਚ ਵਧ ਰਹੀ ਹੈ, ਇਹ ਇਸ ਗੱਲ ਦਾ ਸੰਕੇਤ ਹੈ ਕਿ ਬਾਹਰਲੇ ਬਾਜ਼ਾਰਾਂ ਵਿੱਚ ਭਾਰਤੀ ਉਤਪਾਦਾਂ ਦੀ ਗੁਣਵੱਤਾ ਵਿੱਚ ਲੋਕਾਂ ਦਾ ਭਰੋਸਾ ਵਧ ਗਿਆ ਹੈ। ਜੇਕਰ ਕਾਰੋਬਾਰ ਵਿਚ ਇਹ ਉਛਾਲ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਬਹੁਤ ਜਲਦੀ ਇਸ ਦੇ ਸਾਕਾਰਾਤਮਕ ਨਤੀਜੇ ਸਾਹਮਣੇ ਆਉਣਗੇ।


ਕੈਨੇਡੀਅਨ ਪੰਜਾਬੀ ਪੋਸਟ — Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh** |
| **Photographer** | Kanwaljit Singh Kanwal |
| **Distributer Marketing:** | Aman Warraich<br>**Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224




ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ

ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਧਰਮਿੰਦਰ ਸਿੰਘ ਸੂਸਾਂ: 416-879-6824 , ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਪੰਜਾਬੀ ਲੋਕ ਗਾਇਕੀ ਦਾ ਬਾਬਾ ਬੋਹੜ ਉਸਤਾਦ ਲਾਲ ਚੰਦ ਯਮਲਾ ਜੱਟ



ਦੁੱਧ ਚਿੱਟੇ ਰੰਗ ਦਾ ਕੁੜਤਾ ਚਾਦਰ ਪਾਈ, ਸਿਰ 'ਤੇ ਸ਼ਮਲੇ ਵਾਲੀ ਪੱਗ ਬੰਨ੍ਹੀ, ਤੂੰਬੀ ਦਾ ਇੱਕ ਸਿਰਾ ਖੱਬੇ ਮੋਢੇ ਉੱਤੇ ਰੱਖ ਜਦੋਂ ਸੱਜੇ ਹੱਥ ਦੀਆਂ ਉਂਗਲਾ ਨਾਲ ਯਮਲਾ ਜੱਟ ਤੂੰਬੀ ਖੜਕਾਉਂਦਾ ਹੋਇਆ ਸਟੇਜ ਤੋਂ ਗਾਉਣਾ ਸ਼ੁਰੂ ਕਰਦਾ ਤਾਂ ਦਰਸ਼ਕਾਂ ਦੀ ਭੀੜ ਨੂੰ ਇੰਝ ਕੀਲ ਲੈਂਦਾ ਜਿਵੇਂ ਸਪੇਰਾ ਫ਼ਨੀਅਰ ਨਾਗਾਂ ਨੂੰ ਕੀਲ ਲੈਂਦਾ ਹੈ। ਪੰਜਾਬੀ ਦੇ ਇਸ ਮਹਾਨ ਫ਼ਨਕਾਰ ਦਾ ਜਨਮ 28 ਮਾਰਚ 1910 ਈ. ਨੂੰ ਚੱਕ ਨੰਬਰ 384, ਤਹਿਸੀਲ ਟੋਬਾ ਟੇਕ ਸਿੰਘ, ਜ਼ਿਲ੍ਹਾ ਲਾਇਲਪੁਰ ਦੇ ਪਿੰਡ ਈਸਾਪੁਰ ਵਿੱਚ ਸ਼੍ਰੀ ਖੇੜਾ ਰਾਮ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖ ਵਿੱਚੋਂ ਹੋਇਆ। ਮਾਤਾ-ਪਿਤਾ ਨੇ ਇਸ ਨਵਜੰਮੇ ਬੱਚੇ ਦਾ ਨਾਮ ਲਾਲ ਚੰਦ ਰੱਖਿਆ। ਕਿਹਾ ਜਾਂਦਾ ਹੈ ਕਿ ਲਾਲ ਚੰਦ ਦਾ ਜਨਮ ਪੀਰ ਕਟੋਰੇ ਸ਼ਾਹ ਦੀ ਦਰਗਾਹ ਉੱਪਰ ਮਾਤਾ ਹਰਨਾਮ ਕੌਰ ਵੱਲੋਂ ਸਵਾ ਮਣ ਅੰਨ ਅਤੇ ਇੱਕ ਹਰੇ ਰੰਗ ਦੀ ਚਾਦਰ ਸੁੱਖਣ ਤੋਂ ਬਾਅਦ ਪੀਰ ਕਟੋਰੇ ਸ਼ਾਹ ਦੀ ਬਖਸ਼ਿਸ਼ ਨਾਲ ਹੋਇਆ ਸੀ।

**ਲਾਲ ਚੰਦ ਯਮਲਾ ਜੱਟ ਦੇ ਜਨਮ ਦਿਨ ਮੌਕੇ ਵਿਸ਼ੇਸ਼**

1921 ਈ. ਵਿੱਚ ਪਿਤਾ ਖੇੜਾ ਰਾਮ ਦੀ ਮੌਤ ਹੋ ਜਾਣ ਨਾਲ ਬਚਪਨ ਵਿੱਚ ਹੀ ਲਾਲ ਚੰਦ ਦੇ ਸਿਰ ਤੋਂ ਪਿਤਾ ਦਾ ਸਾਇਆ ਉੱਠ ਗਿਆ। ਲਾਲ ਚੰਦ ਦੇ ਤਿੰਨ ਹੋਰ ਭਰਾ ਕ੍ਰਮਵਾਰ ਚੂੰਨੀ ਲਾਲ, ਉਜਾਗਰ ਚੰਦ ਅਤੇ ਬਿਹਾਰੀ ਲਾਲ ਸਨ। ਪਿਤਾ ਦੀ ਮੌਤ ਤੋਂ ਬਾਅਦ ਲਾਲ ਚੰਦ ਆਪਣੀ ਮਾਂ ਅਤੇ ਭਰਾਵਾਂ ਨਾਲ ਆਪਣੇ ਨਾਨਕੇ ਪਿੰਡ 224-ਚੱਕ ਚੂਹੜ ਸਿੰਘ ਵਿਖੇ ਆਪਣੇ ਨਾਨਾ ਸ਼੍ਰੀ ਗੂੜਾ ਰਾਮ ਕੋਲ ਆ ਗਿਆ। ਲਾਲ ਚੰਦ ਨੇ ਸੁਰੰਗਾ ਵਜਾਉਣਾ ਆਪਣੇ ਨਾਨਾ ਗੂੜਾ ਰਾਮ ਕੋਲੋਂ ਹੀ ਸਿੱਖਿਆ ਸੀ। ਸੰਗੀਤ ਲਾਲ ਚੰਦ ਦੇ ਖ਼ੂਨ ਵਿੱਚ ਹੀ ਸੀ, ਪਰੰਤੂ ਫਿਰ ਵੀ ਲਾਲ ਚੰਦ ਨੇ ਲੋਕ ਸੰਗੀਤ ਦੀ ਰਸਮੀ ਸਿੱਖਿਆ ਪੰਡਿਤ ਸਾਹਿਬ ਦਿਆਲ ਅਤੇ ਸ਼ਾਸ਼ਤਰੀ ਸੰਗੀਤ ਦੀ ਰਸਮੀ ਸਿੱਖਿਆ ਉਸਤਾਦ ਚੌਧਰੀ ਮਜੀਦ ਕੋਲੋਂ ਗ੍ਰਹਿਣ ਕੀਤੀ।

1947 ਦੀ ਦੇਸ਼ ਵੰਡ ਤੋਂ ਬਾਅਦ ਲਾਲ ਚੰਦ ਨੇ ਆਪਣੇ ਪਰਿਵਾਰ ਸਮੇਤ ਪਹਿਲਾਂ ਬਟਾਲੇ ਅਤੇ ਫਿਰ ਲੁਧਿਆਣੇ ਪੱਕੇ ਤੌਰ 'ਤੇ ਵਸੇਬਾ ਕਰ ਲਿਆ। ਇੱਥੇ ਆ ਕੇ ਲਾਲ ਚੰਦ ਨੇ ਰੋਜ਼ੀ ਰੋਟੀ ਲਈ ਪਾਪੜ ਵੇਲਦਿਆਂ ਪਹਿਲਾਂ ਰੇਵਲੇ ਸ਼ੈੱਡ ਵਿੱਚ ਮਜ਼ਦੂਰੀ ਕੀਤੀ ਅਤੇ ਫਿਰ ਸਟੇਜੀ ਕਵੀ ਰਾਮ ਨਰੈਣ ਸਿੰਘ ਦਰਦੀ ਦੇ ਬਾਗ ਵਿੱਚ ਮਾਲੀ ਦੀ ਨੌਕਰੀ ਕੀਤੀ। ਰਾਮ ਨਰਾਇਣ ਦਰਦੀ ਨੇ ਲਾਲ ਚੰਦ ਨੂੰ ਰਹਿਣ ਲਈ ਬਾਗ ਵਿੱਚ ਹੀ ਕੋਠਾ ਛੱਤ ਦਿੱਤਾ ਸੀ, ਜਿੱਥੇ ਲਾਲ ਚੰਦ ਆਪਣੀ ਪਤਨੀ ਰਾਮ ਰੱਖੀ ਅਤੇ ਬੱਚਿਆਂ ਸਮੇਤ ਆ ਕੇ ਰਹਿਣ ਲੱਗ ਪਿਆ। ਇੱਥੇ ਰਹਿੰਦੇ ਲਾਲ ਚੰਦ ਦੀ ਸੰਗੀਤ ਕਲਾ ਦਾ ਪਤਾ ਜਦ ਦਰਦੀ ਸਾਹਬ ਨੂੰ ਲੱਗਿਆ ਤਾਂ ਉਹ ਲਾਲ ਚੰਦ ਨੂੰ ਆਪਣੇ ਨਾਲ ਕਾਨਪੁਰ ਇੱਕ ਸਮਾਗਮ ਵਿੱਚ ਲੈ ਗਏ। ਜਿੱਥੇ ਲਾਲ ਚੰਦ ਨੇ ਪੰਜਾਬੀ ਸੂਬੇ ਬਾਰੇ ਇੱਕ ਕਵਿਤਾ ਦਾ ਅਜਿਹਾ ਗਾਨ ਕੀਤਾ ਕਿ ਉੱਥੇ ਬੈਠੇ ਵਿਦਵਾਨ ਅੱਛ! ਅੱਛ! ਕਰ ਉੱਠੇ।

ਹੌਲੀ-ਹੌਲੀ ਲਾਲ ਚੰਦ ਦੀ ਪਛਾਣ ਇੱਕ ਗਵੀਏ ਵਜੋਂ ਬਣਨ ਲੱਗ ਪਈ, ਇਸੇ ਦੌਰਾਨ ਉਸਦੀ ਮੁਲਾਕਾਤ ਪ੍ਰਸਿੱਧ ਕਵੀ ਸੁੰਦਰ ਦਾਸ ਆਸੀ ਨਾਲ ਹੋਈ। ਸੁੰਦਰ ਦਾਸ ਆਸੀ ਲਾਲ ਚੰਦ ਦੇ ਕਾਵਿ ਗੁਰੂ ਧਾਰਨ ਕਰ ਲਿਆ ਅਤੇ ਗੀਤ ਰਚਨ ਦੀ ਸਿੱਖਿਆ ਗ੍ਰਹਿਣ ਕਰਨ ਲੱਗੇ। ਲਾਲ ਚੰਦ ਕੋਰੇ ਅਨਪੜ੍ਹ ਸਨ, ਪਰ ਫਿਰ ਵੀ ਉਹ ਗੀਤ ਰਚ ਲੈਂਦੇ ਸਨ। ਸੁੰਦਰ ਦਾਸ ਆਸੀ ਨੇ ਹੀ ਲਾਲ ਚੰਦ ਨੂੰ 'ਯਮਲਾ ਜੱਟ' ਦਾ ਤਖ਼ੱਲਸ ਦਿੱਤਾ ਸੀ। ਅਕਾਸ਼ਵਾਣੀ ਕੇਂਦਰ ਜਲੰਧਰ ਤੋਂ ਯਮਲਾ ਜੱਟ ਨੇ ਪਹਿਲੀ ਵਾਰ 1950 ਈ. ਵਿੱਚ



ਜਸਵਿੰਦਰ ਸਿੰਘ ਬਰਾੜ
ਮੋ. 98776-61770

ਆਪਣਾ ਲਿਖਿਆ ਗੀਤ 'ਮੈਨੂੰ ਲੈ ਚੱਲ ਨਦੀਓ ਪਾਰ, ਘੜੇ ਦੇ ਅੱਗੇ ਹੱਥ ਜੋੜਦੀ' ਗਾਇਆ। ਇਸ ਤਰ੍ਹਾਂ ਅਕਾਸ਼ਵਾਣੀ ਤੋਂ ਗਾਏ ਗੀਤ ਤੋਂ ਬਾਅਦ ਲਾਲ ਚੰਦ ਅਕਾਸ਼ ਦੇ ਨਾਲ-ਨਾਲ ਦੂਰ-ਦੂਰ ਤੱਕ ਫੈਲਦਾ ਹੋਇਆ ਪ੍ਰਸਿੱਧ ਹੋ ਗਿਆ। ਯਮਲਾ ਜੱਟ ਨੂੰ ਦੂਰੋਂ-ਦੂਰੋਂ ਪ੍ਰੋਗਰਾਮ ਕਰਨ ਲਈ ਸੱਦੇ ਆਉਣ ਲੱਗੇ, ਉਸ ਵੇਲੇ ਹੁਣ ਵਾਂਗੂੰ ਆਵਾਜਾਈ ਦੇ ਸਾਧਨ ਵਿਕਸਤ ਨਹੀਂ ਸਨ ਹੋਏ, ਇਸ ਲਈ ਆਮ ਕਰਕੇ ਤੁਰਕੇ ਹੀ ਜਾਣਾ ਪੈਂਦਾ ਸੀ। ਹੁਣ ਯਮਲੇ ਜੱਟ ਨੇ ਲੋੜ ਮਹਿਸੂਸ ਕੀਤੀ ਕਿ ਭਾਰੇ ਸਾਜ਼ ਚੱਕਣ ਨਾਲੋਂ ਕਿਸੇ ਐਹੋ ਜਿਹੇ ਸਾਜ਼ ਦੀ ਕਾਢ ਕੱਢੀ ਜਾਵੇ ਜੋ ਅਕਾਰ ਵਿੱਚ ਛੋਟਾ ਅਤੇ ਭਾਰ ਵਿੱਚ ਹਲਕਾ ਹੋਵੇ। ਯਮਲੇ ਜੱਟ ਦੀ ਇਸੇ ਲੋੜ ਵਿੱਚੋਂ ਤੂੰਬੀ ਦਾ ਜਨਮ ਹੋਇਆ ਇਸੇ ਕਰਕੇ ਯਮਲਾ ਜੱਟ ਨੂੰ ਤੂੰਬੀ ਦਾ ਦਾ ਖੋਜ਼ੀ, ਉਸਤਾਦ ਅਤੇ ਬਾਦਸ਼ਾਹ ਕਿਹਾ ਜਾਂਦਾ ਹੈ।

ਲਾਲ ਚੰਦ ਯਮਲਾ ਜੱਟ ਨੇ ਅਨੇਕਾਂ ਸਦਾਬਹਾਰ ਸੋਲੋ ਅਤੇ ਦੋਗਾਣੇ ਗੀਤ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾਏ। ਲਾਲ ਚੰਦ ਯਮਲਾ ਜੱਟ ਦੇ ਗਾਏ ਗੀਤ ਅੱਜ ਵੀ ਓਨੇ ਹੀ ਮਕਬੂਲ ਹਨ ਜਿੰਨੇ ਕਿ ਉਹ ਉਸ ਦੌਰ ਵਿੱਚ ਸਨ, ਇਸਦਾ ਪ੍ਰਮਾਣ ਧਾਰਮਿਕ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਵੱਜਦੇ ਯਮਲਾ ਜੱਟ ਦੇ ਗਾਏ ਸਤਿਗੁਰੂ ਨਾਨਕ ਆਜਾ, ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਐ ਅਤੇ ਤੇਰੇ ਨੀ ਕਰਾਰਾ ਮੈਨੂੰ ਪੱਟਿਆ ਆਦਿ ਗੀਤ ਹਨ।

ਯਮਲਾ ਜੱਟ ਨੇ ਪੰਜਾਬੀ ਲੋਕ ਗਾਇਕੀ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਇਆ। ਪੰਜਾਬੀ ਲੋਕ ਸੰਗੀਤ ਵਿੱਚ ਓਨਾ ਦੇ ਪਾਏ ਯੋਗਦਾਨ ਬਦਲੇ ਭਾਰਤੀ ਸੰਗੀਤ ਨਾਟਕ ਅਕਾਦਮੀ ਵੱਲੋਂ ਉਨ੍ਹਾਂ ਨੂੰ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ 'ਸਰਵੋਤਮ ਲੋਕ ਗਾਇਕ' ਦੇਸ਼ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਸੋਨ ਤਗਮਾਂ ਅਤੇ ਰਾਸ਼ਟਰਪਤੀ ਰਜਿੰਦਰ ਪ੍ਰਸਾਦ ਵੱਲੋਂ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।

ਬੇਸ਼ੱਕ ਪੰਜਾਬੀ ਲੋਕ ਗਾਇਕੀ ਦੇ ਬਾਬਾ ਬੋਹੜ ਲਾਲ ਚੰਦ ਯਮਲਾ ਜੱਟ 20 ਦਸੰਬਰ 1991 ਈ. ਨੂੰ ਇਸ ਫ਼ਾਨੀ ਦੁਨੀਆਂ ਤੋਂ ਰੁਖਸਤ ਲੈ ਗਏ, ਪਰ ਉਹ ਆਪਣੇ ਪੰਜਾਬੀ ਸੰਗੀਤ ਵਿੱਚ ਪਾਏ ਯੋਗਦਾਨ ਬਦਲੇ ਪੰਜਾਬੀ ਗਾਇਕੀ ਦੇ ਖੇਤਰ ਵਿੱਚ ਹਮੇਸ਼ਾ ਧ੍ਰੂ ਤਾਰਾ ਬਣਕੇ ਚਮਕਦੇ ਰਹਿਣਗੇ। ਮੈਂ ਇਸ ਮਹਾਨ ਫ਼ਨਕਾਰ ਅਤੇ ਅਦੁੱਤੀ ਸਖ਼ਸ਼ੀਅਤ ਦੇ ਜਨਮ ਦਿਹਾੜੇ 'ਤੇ ਸਮੂਹ ਪੰਜਾਬੀਆਂ ਨੂੰ ਮੁਬਾਰਕਬਾਦ ਦਿੰਦਾ ਹੋਇਆ ਯਮਲਾ ਜੱਟ ਜੀ ਨੂੰ ਸਲਾਮ ਪੇਸ਼ ਕਰਦਾ ਹਾਂ।

# ਤੈਨੂੰ ਮੋਗੇ ਦੀ ਮੰਡੀ 'ਚ ਆਵਾਂ ਵੇਚ ਮੁੰਡਿਆਂ

ਪੰਜਾਬੀ ਸੱਭਿਆਚਾਰ ਦੁਨੀਆਂ ਦੇ ਸਭ ਤੋਂ ਪੁਰਾਣੇ ਅਤੇ ਅਮੀਰ ਸੱਭਿਆਚਾਰਾਂ ਵਿੱਚੋਂ ਇੱਕ ਹੈ। ਸੱਭਿਆਚਾਰ ਦਾ ਦਾਇਰਾ, ਇਤਿਹਾਸ, ਸੂਝ-ਬੂਝ ਅਤੇ ਗੁੰਝਲਦਾਰਤਾ ਬਹੁਤ ਵਿਸ਼ਾਲ ਹੈ। ਪੰਜਾਬੀ ਸੱਭਿਆਚਾਰ ਪੰਜਾਬੀ ਲੋਕਾਂ ਦਾ ਸੱਭਿਆਚਾਰ ਹੈ ਜੋ ਹੁਣ ਦੁਨੀਆਂ ਭਰ ਵਿੱਚ ਫੈਲਿਆਂ ਹੋਇਆ ਹੈ। ਜਿਸ ਵੀ ਦੇਸ਼ ਵਿਚ ਪੰਜਾਬੀ ਜਾਂਦੇ ਹਨ, ਉਸ ਦੇਸ਼ ਨੂੰ ਜਾਂ ਉਸ ਦੇ ਕਿਸੇ ਇਕ ਹਿਸੇ ਨੂੰ ਪੰਜਾਬ ਦਾ ਰੰਗ ਚੜ੍ਹਾ ਹੀ ਦਿੰਦੇ ਹਨ। ਜਿਵੇਂ ਕੈਨੇਡਾ ਵਿਚ ਬਰੈਪਟਨ ਨੂੰ ਮਿੰਨੀ ਪੰਜਾਬ ਕਿਹਾ ਜਾਂਦਾ ਹੈ। ਇੰਗਲੈਂਡ ਵਿਚ ਲੰਡਨ ਨੂੰ ਮਿਨੀ ਪੰਜਾਬ ਕਿਹਾ ਜਾਂਦਾ ਹੈ। ਉਸ ਧਰਤੀ ਤੇ ਤੀਆ, ਵਿਸਾਖੀ ਤੇ ਮੇਲੇ ਲਗਾਏ ਜਾਂਦੇ ਹਨ। ਜਿਸ ਵਿਚ ਲੋਕਲ ਅਤੇ ਪੰਜਾਬ ਤੋਂ ਕਲਾਕਾਰਾਂ ਨੂੰ ਸੱਦ ਕੇ ਖੂਬ ਮੌਜ ਮਸਤੀ ਕੀਤੀ ਜਾਂਦੀ ਹੈ ਕਿਉਂਕਿ ਪੰਜਾਬੀ ਸੰਗੀਤ ਭੰਗੜਾ ਪੰਜਾਬੀ ਸੰਗੀਤਕ ਕਲਾ ਦੇ ਬਹੁਤ ਸਾਰੇ ਰੂਪਾਂ ਵਿੱਚੋਂ ਇੱਕ ਹੈ ਜੋ ਪੱਛਮ ਵਿੱਚ ਤੇਜ਼ੀ ਨਾਲ ਸੁਣਿਆ ਜਾ ਰਿਹਾ ਹੈ ਅਤੇ ਇੱਕ ਮੁੱਖ ਧਾਰਾ ਦਾ ਮਨਪਸੰਦ ਬਣ ਚੁਕਾ ਹੈ।

ਇਸ ਦੇ ਨਾਲ ਹੀ ਪੰਜਾਬੀ ਡਾਂਸ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਲੋਕਾਂ ਦੇ ਲੰਬੇ ਇਤਿਹਾਸ ਦੇ ਕਾਰਨ ਇੱਥੇ ਵੱਡੀ ਗਿਣਤੀ ਵਿੱਚ ਭੰਗੜੇ ਗਿੱਧੇ ਦੀਆਂ ਅਦਾਕਾਰੀਆਂ ਹਨ ਨਾਚ ਹਨ, ਜੋ ਆਮ ਤੌਰ 'ਤੇ ਜਸ਼ਨਾਂ ਦੇ ਸਮੇਂ ਕੀਤੇ ਜਾਂਦੇ ਹਨ, ਜਿਸ ਵਿੱਚ ਵਾਢੀ, ਤਿਉਹਾਰ ਅਤੇ ਵਿਆਹ ਸ਼ਾਮਲ ਹਨ। ਨਾਚਾਂ ਦਾ ਵਿਸ਼ੇਸ਼ ਪਿਛੋਕੜ ਗੈਰ-ਧਾਰਮਿਕ ਅਤੇ ਧਾਰਮਿਕ ਹੋ ਸਕਦਾ ਹੈ। ਸਮੁੱਚੀ ਸ਼ੈਲੀ ਵਾਲੇ "ਭੰਗੜਾ" ਪੁਰਸ਼ਾਂ ਦੇ ਨਾਚ ਤੋਂ ਲੈ ਕੇ ਵਧੇਰੇ ਰਾਖਵੇਂ "ਝੂਮਰ", "ਗਿੱਧਾ" ਔਰਤਾਂ ਦੇ ਨਾਚ ਹੁੰਦਾ ਹੈ।

ਵੱਖ-ਵੱਖ ਬੋਲੀਆਂ ਤੇ ਸਭਿਆਚਾਰਾਂ ਦੇ ਦੇਸ਼ ਭਾਰਤ ਵਿੱਚ ਅਲੱਗ-ਅਲੱਗ ਰਵਾਇਤਾਂ ਤੇ ਢੰਗ ਤਰੀਕਿਆਂ ਨਾਲ ਸੰਗੀਤ ਗਿੱਧਾ - ਭੰਗੜੇ ਦੇ ਜਸ਼ਨ ਮਨਾਏ ਜਾਂਦੇ। ਖਾਸ ਤੌਰ ਤੇ ਜਦ ਵਿਆਹ ਸ਼ਾਦੀ, ਕੋਈ ਖੁਸ਼ੀ ਦਾ ਮਾਹੌਲ ਹੁੰਦਾ ਹੈ, ਉਸ ਤੋਂ ਵੀ ਵੱਧ ਕੇ ਜਦ ਕਿਸਾਨ ਆਪਣਿਆਂ ਫਸਲਾਂ ਸਾਂਭ ਸੰਭਾਲ ਲੈਂਦੇ ਹਨ ਤੇ ਕ੍ਰਿਤੀ ਵੀ ਬੜੀ ਖੁਸ਼ੀ ਵਿਚ ਮਸਤ ਹੋ ਜਾਂਦੀ ਹੈ। ਉਹ ਮਿੱਟੀ ਉਡਾ ਕੇ, ਪੁਰਾਣੇ ਪੱਤੇ ਗਿਰਾ ਕੇ ਅਤੇ ਨਵੇਂ ਫੁੱਲ ਅਤੇ ਪੱਤੇ ਲਹਿਰਾ ਕੇ ਆਪਣੀ ਖੁਸ਼ੀ ਦਰਸਾ ਕੇ ਬਸੰਤ ਦਾ ਅਵਿਨੰਦਨ ਕਰਦੀ ਹੈ।

ਦੇਸ਼ ਦਾ ਅੰਨਦਾਤਾ ਕਿਸਾਨ ਆਪਣੇ ਹਰੇ ਭਰੇ ਖੇਤਾਂ ਨੂੰ ਵੇਖ ਕੇ ਖੁਸ਼ੀ ਨਾਲ ਨੱਚ ਉਠਦਾ ਹੈ। ਹਾੜੀ ਦੀ ਇਸ ਫਸਲ ਦਾ ਸਵਾਗਤ ਕਰਦਾ ਹੈ।

ਪਰ ਸਮੇਂ ਦੇ ਹਿਸਾਬ ਨਾਲ ਬਹੁਤ ਕੁਝ ਬਦਲ ਚੁਕਾ ਹੈ। ਜੇਕਰ ਪੁਰਣੇ ਸਮਿਆਂ ਦੀ ਗੱਲ ਕਰੀਏ ਤਾਂ, ਔਰਤਾਂ ਗਲੀਆਂ ਵਿਚ ਰਲ ਮਿਲ ਬੈਠ ਬੋਲੀਆਂ ਪਾ ਕੇ ਧਮਾਲ ਪਾ ਦਿੰਦੀਆਂ ਸਨ। ਪਿਪਲਾਂ ਤੇ ਪੀਘਾ ਪਾ ਕੇ ਮੁਟਿਆਰਾਂ ਪੀਘਾਂ ਝੂਟਦਿਆਂ ਸਨ ਪਰ ਅਫ਼ਸੋਸ ਨਾ ਹੁਣ ਉਹ ਪਿੱਪਲ ਰਹੇ ਤੇ ਨਾ ਹੀ ਉਹੋ ਜਿਹੀਆਂ ਮੁਟਿਆਰਾਂ ਦੀਆਂ ਹਸਰਤਾਂ ਤੇ ਸ਼ੌਕ। ਪੰਜਾਬੀਆਂ ਨੂੰ ਪ੍ਰਦੇਸਾਂ ਵਿਚ ਜਾ ਵਸਣ ਤੇ ਜੋ ਨੌਜਵਾਨ ਬਚੇ ਹਨ ਉਹਨਾਂ ਨੂੰ ਨਸ਼ਿਆਂ ਨੇ ਖਾਂ ਲਿਆ ਹੈ। ਪਰ ਫਿਰ ਵੀ ਉਹ ਵੇਲੇ ਯਾਦ ਆਉਂਦੇ ਹਨ। ਇਨ੍ਹਾਂ ਬੋਲੀਆਂ ਵਿੱਚ ਪੂਰੀ ਪੰਜਾਬੀ ਕੌਮ ਦਾ ਦਿਲ ਧੜਕਦਾ ਹੁੰਦਾ ਸੀ, ਸਮਾਜ ਦਾ ਚਿਹਰਾ, ਸਮਾਂ -ਕਾਲ ਝਾਤੀ ਮਾਰਦਾ ਹੁੰਦਾ ਸੀ। ਇਹ ਬੋਲੀਆਂ ਪੰਜਾਬੀ ਕੌਮ ਦਾ ਮੁਹਾਂਦਰਾ ਹੁੰਦੀਆਂ ਸਨ। ਇਹਨਾਂ ਵਿੱਚ ਪਿਆਰ ਦੇ ਭਾਵ, ਨਫ਼ਰਤ ਦੇ ਭਾਵ , ਮੇਲ - ਮਿਲਾਪ ਅਤੇ ਜੁਦਾਈ ਦਾ ਗ਼ਮ ਹੁੰਦਾ ਸੀ।

*ਉੱਚੇ ਟਿੱਬੇ ਮੇਰੀ ਮੂੰਗੀ ਦਾ ਬੂਟਾ,*
*ਉਹਨੂੰ ਚਰ ਗਈ ਗਾਂ,*
*ਵੇ ਰੋਂਦਾ ਮੂੰਗੀ ਨੂੰ,*
*ਘਰ ਮਰਗੀ ਤੇਰੀ ਮਾਂ,ਵੇ ਰੋਂਦਾ ਮੂੰਗੀ*
..

ਉਸ ਸਮੇਂ ਵਿਚ ਸ਼ਾਇਦ ਇਹੋ



ਸੁਰਜੀਤ ਸਿੰਘ ਫਲੋਰਾ

ਜਿਹੀਆਂ ਬੋਲੀਆਂ ਹੱਸਣ ਖੇਡਣ ਦਾ ਮਨ ਪ੍ਰਚਾਉਣ ਦਾ ਇਕ ਸਾਧ ਸੀ ਪਰ ਹੁਣ ਸ਼ਾਇਦ ਮਜਾਕ ਜਾ ਬੋਲੀਆਂ ਰਾਹੀ ਵੀ ਇਹ ਕਹਿਣਾ ਔਖਾ ਹੋਵੇਗਾ ਕਿ ਮਰਗੀ ਤੇਰੀ ਮਾਂ ਬੰਦਾ ਤਾ ਗਲਾ ਕੱਟਣ ਲਈ ਤਿਆਰ ਰਹਿੰਦਾ ਹੈ, ਹਾਉਮੈਂ , ਮੈਂ ਮੇਰੀ ਹੀ ਸਭ ਤੋਂ ਅੱਗੇ ਰਹਿੰਦੀ ਹੈ।

ਪਰ ਅੱਜ ਸਮਾਂ ਇੰਨਾ ਬਦਲ ਗਿਆ ਹੈ ਕਿ ਇਕ ਹੀ ਛੱਤ ਹੇਠ ਪਿਉ ਪੁਤਰ, ਮਾਂ ਧੀ ਨਹੀਂ ਰਹਿ ਸਕਦੇ, ਇਕ ਦੂਜੇ ਦੀ ਜਾਨ ਲੈਣ ਲਈ ਤੱਤਪਰ ਰਹਿੰਦੇ ਹਨ। ਪਹਿਲੈ ਸਮਿਆਂ ਵਿਚ ਸਾਰਾ ਪਰਿਵਾਰ ਰਲ ਮਿਲ ਕੇ ਇਕ ਹੀ ਛੱਤ ਹੇਠ ਸਾਰਾਂ ਜੀਵਨ ਕੱਢ ਲੈਂਦਾ ਸੀ।

*ਇੱਕ ਤਾਂ ਨਣਦੇ ਤੂੰ ਨੀ ਪਿਆਰੀ,*
*ਦੂਜਾ ਪਿਆਰਾ ਤੇਰਾ ਵੀਰ,*
*ਨੀ ਜਦ ਹੱਸਦਾ ਨਣਦੇ,*
*ਹੱਸਦਾ ਦੰਦਾਂ ਦਾ ਬੀੜ,*
*ਨੀ ਜਦ ......*

ਪਰ ਹੁਣ ਸਮਾਂ ਉਹ ਰਹਿ ਹੀ ਨਹੀਂ ਗਿਆ, ਨੂੰਹ ਸੱਸ, ਨਣਦ ਭਰਜਾਈ , ਦੇਵਰ ਭਾਬੀ ਵਿਚ ਸਭ ਰਿਸ਼ਤਿਆਂ ਨੂੰ ਮੈਂ ਮੇਰੀ ਵਰਗੇ ਕੋਹੜ ਦਾ ਗ੍ਰਹਿਣ ਲੱਗ ਚੁਕਿਆ ਹੈ।

ਬੋਲੀਆਂ ਵਿੱਚ ਲੜਾਈ ਹੁੰਦੀ ਸੀ, ਸੁਲਹ ਸਲਾਮਤੀ ਹੁੰਦੀ ਸੀ । ਇਸ ਵਿੱਚ ਗਰੂਰ, ਤਾਬੋਰ ਤੇ ਦੇਸ਼ ਭਗਤੀ ਹੁੰਦੀ ਸੀ ।ਇਨ੍ਹਾਂ ਵਿੱਚ ਹੰਝੂਆਂ ਦੀਆਂ ਬਰਸਾਤਾਂ ਤੇ ਹਾਸਿਆਂ ਦੀ ਚਮਕਾਰ ਹੁੰਦੀ ਸੀ। ਨਿਰਾਜ਼ ਤੇ ਮਨਾਉਣ ਦੀ ਗੱਲ੍ਹ ਕਰਦੀਆਂ ਸਨ ਏਹ ਬੋਲੀਆਂ। ਇਨ੍ਹਾਂ ਬੋਲੀਆਂ ਵਿੱਚ ਜ਼ਾਲਮ ਹਾਕਮਾਂ ਲਈ ਵੰਗਾਰ ਅਤੇ ਬੇਸਹਾਰਿਆਂ ਪ੍ਰਤੀ ਹਮਾਇਤ ਦੇ ਭਾਵ ਵੀ ਸ਼ਾਮਿਲ ਹੁੰਦੇ ਸਨ ਹਾਸ-ਵਿਅੰਗ, ਮਿੱਠੀਆਂ ਤੇ ਪਿਆਰੀਆਂ ਗਾਲ੍ਹਾਂ ਵੀ ਹੁੰਦੀਆਂ ਸਨ। ।

ਵਿਆਹ ਸ਼ਾਦੀ ਸਮੇਂ ਨਾਨਕਾ ਮੇਲ ਆਂਉਂਦਾ ਹੁੰਦਾ ਸੀ, ਗਲੀਆਂ ਵਿਚ ਪਿੰਡਾਂ ਦੀ ਸੱਥ ਤੱਕ ਉਹਨਾਂ ਬੋਲੀਆਂ ਪਾਉਂਦੇ ਜਾਣਾ, ਜੋ ਵੀ ਸਾਹ-ਮਣੇ ਆਉਂਦਾ ਉਸ ਦੇ ਕੱਪੜੇ ਲਾਹ ਲੈਣੇ ਸਾਇਕਲ ਖੋਹ ਲੈਣੇ, ਬੋਲੀਆਂ ਪਾ-ਪਾ ਕੇ ਨੱਚਣਾ ਤੇ ਗਾਲਾਂ , ਤਾਹਨੇ ਮਿਹਨੇ ਇਹ ਸਭ ਆਮ ਜਿਹੀ ਗੱਲ ਸੀ।

*ਗਿੱਧਾ ਪਾਇਆ,ਮੇਲ ਸਦਾਇਆ,*
*ਚਾਰੇ ਪਾਸੇ ਝਾਂਜਰ ਛਣਕੇ,*
*ਨਾਨਕਿਆ ਛੱਜ ਭੰਨਿਆ,*
*ਛੱਜ ਭੰਨਿਆ ਤਾੜ ਤਾੜ ਕਰਕੇ,*
*ਨਾਨਕਿਆ ......*

ਪਰ ਹੁਣ ਕੌਣ ਛੱਜਾਂ ਦੀ ਵਰਤੋਂ ਕਰਦਾ ਹੈ, ਮਸ਼ੀਨਾ ਦਿਨਾ ਹਫਤਿਆਂ ਦਾ ਕੰਮ ਮਿੰਟਾ ਵਿਚ ਕਰਕੇ ਪਰੇ ਹੁੰਦੇ ਹਨ।

ਬਾਪ ਦੀ ਲਾਡਾ ਨਾਲ ਪਾਲੀ ਧੀ ਪਿਉ ਨੂੰ ਕੁਝ ਇਸ ਤਰ੍ਹਾਂ ਦੇ ਬੋਲ ਬੋਲਦਿਆਂ ਸਨ:

*ਇਕੋ ਬੋਲ ਬੋਲਾਂ,*
*ਬੋਲਾਂ ਨਾ ਕੋਈ ਹੋਰ ਵੇ,*
*ਸਾਉਣ ਦਾ ਮਹੀਨਾ,*
*ਬਾਗਾਂ ਵਿੱਚ ਬੋਲਣ ਮੋਰ ਵੇ,*
*ਅਸਾਂ ਨੀ ਸੌਹਰੇ ਜਾਣਾ,*
*ਗੱਡੀ ਨੂੰ ਖਾਲੀ ਤੋਰ ਵੇ,*
*ਅਸਾਂ ਨੀ ......*

ਪਰ ਨਾ ਤੋਂ ਉਹੋ ਜਿਹੇ ਬਾਪ ਰਹੇ, ਪੈਸੇ ਲਈ ਨੌਜਵਾਨ ਧੀਆਂ ਨੂੰ ਕੈਨੇਡਾ ਅਮਰੀਕਾ ਤੋਂ ਆਏ ਐਨ ਆਰ ਆਈ ਬੁਢੇ ਲਗੜੇ ਲੋਲੇ ਲੜ ਬੰਨ ਦਿੱਤਾ ਜਾਂਦਾ ਹੈ। ਜਿਥੇ ਉਹਨਾਂ ਦੀ ਜ਼ਿੰਦਗੀ ਬਨਣ ਤੋਂ ਪਹਿਲਾਂ ਹੀ ਨਰਕ ਬਣ ਕੇ ਰਹਿ ਜਾਂਦੀ ਹੈ। ਕਿਥੇ ਉਹ ਮੋਰ ਰਹੇ ਕਿਥੇ ਉਹ ਸੋਹਰੇ। ਇਹ ਬੋਲੀ ਭਾਵੇ ਬਹੁਤ ਪੁਰਾਣੀ ਹੈ, ਪਰ ਅੱਜ ਦੇ ਐਨ ਆਰ ਆਈ ਲਾੜੇ ਲਾੜਿਆ ਤੇ ਬਹੁਤ ਢੁਕਦੀ ਹੈ:

*ਜੋਗੀ ਆ ਨੀ ਗਿਆ,*
*ਫੇਰਾ ਪਾ ਨੀ ਗਿਆ,*
*ਕੋਈ ਵਿਸ਼ੀਅਰ ਨਾਗ,ਲੜਾ ਨੀ ਗਿਆ,*
*ਕੋਈ .......*

ਵਸ ਜਦ ਵੀ ਇਹ ਐਨ ਆਰ ਆਈ ਜੋਗੀ ਨਾਗ ਬਣ ਕੇ ਆਉਂਦੇ ਹਨ ਤਾ ਕਿਸੇ ਨਾ ਕਿਸੇ ਗਰੀਬ ਨੂੰ ਲਾਲਚ ਦੇ ਕੇ ਨਾਗ ਬਣ ਲੜ ਕੇ ਹੀ ਜਾਂਦਾ ਹੈ।

ਪਰ ਅੱਜ ਦਾ ਸਮਾਂ ਸ਼ਾਦੀ ਕਦ ਹੋ ਗਈ ਕੁਝ ਪਤਾ ਵੀ ਨਹੀਂ ਲੱਗਦਾ, ਪਹਿਲਾਂ ਜੰਝ ਧਰਮਸ਼ਾਲਾਂ ਵਿਚ ਹਫਤਾਂ- ਮਹੀਨੇ ਉਤਰਦੀਆਂ ਸਨ, ਫਿਰ ਕੁਝ ਘੰਟਿਆਂ ਲਈ ਘਰਾਂ ਦੀਆਂ ਛੱਤਾਂ ਤੇ ਆ ਟਿਕੀਆ ਤੇ ਫਿਰ ਪੈਲਸਾ ਵਿਚ, ਹੁਣ ਕੋਵਡ ਦੇ ਸਮਿਆਂ ਵਿਚ ਵੱਡੇ ਇਕੱਠ ਅੰਦਰ ਨਾ ਹੋਣ ਕਾਰਨ ਪਾਰਕਾਂ , ਲੇਕਸ ਆਦਿ ਤੇ ਫਿਲਮੀ ਬਣ ਕੇ ਰਹਿ ਗਇਆ ਹਨ। ਜੇਕਰ ਕੋਈ ਕਿਸੇ ਨਾਲ ਹਾਸੇ ਨਾਲ ਮਜਾਕ ਕਰ ਵੀ ਲਏ, ਉਹ ਝੱਟ ਗਲੇ ਨੂੰ ਜਾਂ ਮਾਂ-ਭੈਣ ਦੀ ਇਕ ਕਰਨ ਨੂੰ ਤਿਆਰ ਰਹਿੰਦਾ ਹੈ।


ਬੋਲੀਆਂ ਵਿੱਚ ਪੰਜਾਬੀ ਸਭਿਆਚਾਰ ਦੇ ਕੀਮਤੀ ਲਿਬਾਸ ਵੱਡਮੁੱਲੇ ਗਹਿਣਿਆਂ ਦਾ ਜ਼ਿਕਰ ਛੇੜ- ਛਾੜ ਤੇ ਰੁਮਾਂਸ, ਦੁਆਲੇ ਤੇ ਬੱਦ ਦੁਆਵਾਂ ਵੀ ਸ਼ਾਮਿਲ ਹੁੰਦੀਆਂ ਸਨ। ਇਨ੍ਹਾਂ ਵਿੱਚ ਰਿਸ਼ਤੇ ਨਾਤੇ ਤੇ ਉਨ੍ਹਾਂ ਦੇ ਗੁਣ ਤੇ ਅਉਗੁਣ ਵੀ ਦਿਖਾਈ ਦਿੰਦੇ ਸਨ। ਇਨ੍ਹਾਂ ਵਿੱਚ ਪੰਛੀਆਂ ਦੀਆਂ ਓਸਾਰੀਆ ਤੇ ਰੁੱਖਾਂ ਦੀਆਂ ਗੱਲਾਂ ਵੀ ਹੁੰਦੀਆਂ ਸਨ। ਪਿਆਰ ਦੇ ਗਿਲੇ- ਸ਼ਿਕਵੇ ਤੇ ਇਸ਼ਕੀਆ ਤਰਲੇ ਵੀ। ਇਨ੍ਹਾਂ ਵਿੱਚ ਸੁਰਾਂ ਵੀ ਹੁੰਦੀਆਂ ਸਨ ਤੇ ਤਾਲ ਹੋਕੇ ਤੇ ਹਟਕੋਰੇ ਵੀ ਪਰ ਅੱਜ ਦਾ ਇੰਨਸਾਨ ਸਿਰਫ਼ ਆਪਣੇ ਵਾਰੇ ਸੋਚਦਾ ਹੈ, ਮਤਲਵੀ ਕਿ ਆਪਣੇ ਫਾਇਦੇ ਲਈ ਕਿਸੇ ਵੀ ਹੱਦ ਤੱਕ ਜਾਂ ਸਕਦਾ ਹੈ। ਸਰਘੀ ਵੇਲੇ ਤੋਂ ਲੈਕੇ ਰਾਤ ਦੇ ਪਿਛਲੇ ਪਹਿਰ ਤੱਕ ਪੰਜਾਬੀ ਕੌਮ ਜੋ ਘਾਲਣਾ ਘਾਲਦੀ ਸੀ, ਅੱਜ ਉਹ ਕੇਵਲ ਟੀਵੀ ਚੈਨਲਾ ਨੇ ਲੈ ਲਈ, ਇਥੋਂ ਤੱਕ ਕੇ ਬੰਦਾ ਬਜ਼ਾਰ ਤੱਕ ਜਾ ਕੇ ਖੁਦ ਸਬਜ਼ੀ ਭਾਜੀ ਤੱਕ ਖਰੀਦਣ ਲਈ ਬਾਹਰ ਨਹੀਂ ਨਿਕਲਦਾ ਸਗੋਂ,ਫੋਨਾਂ ਤੇ ਐਪਸ ਦੀ ਵਰਤੋਂ ਕਰਕੇ ਘਰ ਤੱਕ ਡਿਲਵਰੀ ਕਰਵਾ ਲੈਂਦਾ ਹੈ। ਅੱਜ ਦਾ ਮਨੁਖ ਬਹੁਤ ਕਮਜੋਰ ਪੈ ਚੁਕਾ ਹੈ, ਉਹ ਕਸਰਤਾਂ , ਉਹ ਖਾਣੇ ਸਭ ਅਲੋਪ ਹੋ ਚੁਕੇ ਹਨ।

ਲੋਕ ਬੋਲੀਆਂ ਪੰਜਾਬੀ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਸਨ। ਇੰਨ੍ਹਾਂ ਵਿੱਚ ਜ਼ਿੰਦਗੀ ਦੇ ਕਈ ਤਜ਼ਰਬੇ, ਸਮਾਜਿਕ ਆਰਥਿਕ ਅਤੇ ਇਤਿਹਾਸਕ ਜਾਣਕਾਰੀ ਸਮਾਈ ਹੋਈ ਹੁੰਦੀ ਸੀ। ਬੋਲੀਆਂ ਕਿਸੇ ਵਿਸ਼ੇਸ਼ ਲੇਖਕ ਦੀਆਂ ਲਿਖੀਆਂ ਨਹੀਂ ਹੁੰਦੀਆਂ ਇੰਨ੍ਹਾਂ ਵਿੱਚ ਸਮੇਂ ਅਤੇ ਸਥਾਨ ਦੇ ਹਿਸਾਬ ਨਾਲ ਵਾਧਾ - ਘਾਟਾ ਹੁੰਦਾ ਰਹਿੰਦਾ ਹੈ। ਤ੍ਰਿੰਞਣਾ ਵਿੱਚ ਕੱਤਦੀਆਂ ਮੁਟਿਆਰਾਂ ਦੁੱਧ ਰਿੜਕਦੀਆਂ ਸੁਆਣੀਆਂ, ਫੁਲਕਾਰੀਆਂ ਕੱਢਦੀਆਂ ਨੱਢੀਆਂ ਪਤਾ ਨਹੀਂ ਲੋਕ ਬੋਲੀਆਂ ਰੂਪੀ ਖਜ਼ਾਨਾ ਕਿੰਨਾ ਵਧਾ ਦਿੰਦੀਆਂ ਸਨ। ਪਰ ਅੱਜ ਦੁੱਧ ਕੌਣ ਰਿੜਕਦਾ ਹੈ, ਪੈਕਟਾਂ ਵਾਲੇ ਦਹੀ, ਬੋਤਲਾਂ'ਚ ਲੱਸੀ, ਜਿਸ ਮਰਜੀ ਕੋਨੇ ਦੀ ਰਿਹੜੀ ਤੋਂ ਲੈ ਲਉ।

ਲੋੜ ਹੈ ਅੱਜ ਫਿਰ ਉਹੋ ਜਿਹਾ ਮਾਹੌਲ ਦੀ ਜੋ ਕਦੇ ਸਾਡੇ ਬਜੁਰਗਾਂ ਨੇ ਸਿਰਜਿਆ ਸੀ। ਜਿਸ ਵਿਚ ਏਕਾ , ਪਿਆਰ ਮੁਹੱਬਤ, ਹਸਰਤ, ਹੁੰਦੀ ਸੀ । ਜਿਸ ਵਿਚ ਆਪਣਾ ਪਨ ਹੁੰਦਾ ਸੀ। ਪਰ ਅਫਸੋਸ ਕੇ ਅੱਜ ਦਾ ਇੰਨਸਾਨ ਇਸ ਹੇਠ ਲਿਖੀ ਬੋਲੀ ਦੀ ਤਰ੍ਹਾ ਸਭ ਨੂੰ ਵੇਚਣ ਤੇ ਤੁਲਿਆਂ ਹੋਇਆ ਹੈ:

*ਤੇਰੇ ਜਿਹੇ ਨੂੰ ਵੇ ਮੈ ਟਿੱਚ ਨਾ ਜਾਣਦੀ,*
*ਤੇਰਾ ਮੇਰਾ ਨਾ ਕੋਈ ਮੇਚ ਮੁੰਡਿਆਂ,*
*ਤੈਨੂੰ ਮੋਗੇ ਦੀ ਮੰਡੀ ਚ ਆਵਾ ਵੇਚ ਮੁੰਡਿਆਂ,*
*ਤੈਨੂੰ ਮੋਗੇ ..........*

# ਕੀ ਤੁਹਾਨੂੰ ਵੀ ਪੜ੍ਹਾਈ ਦੌਰਾਨ ਨੀਂਦ ਆਉਂਦੀ ਹੈ?



ਆਪਣੇ ਅਧਿਐਨ ਕਰਨ ਦੇ ਤਰੀਕੇ ਵਿੱਚ ਛੋਟੇ ਬਦਲਾਅ ਕਰਕੇ, ਤੁਸੀਂ ਨੀਂਦ ਨੂੰ ਦੂਰ ਰੱਖ ਸਕਦੇ ਹੋ ਅਤੇ ਲੰਬੇ ਸਮੇਂ ਤੱਕ ਚੰਗੀ ਤਰ੍ਹਾਂ ਅਧਿਐਨ ਕਰ ਸਕਦੇ ਹੋ।

**ਨੀਂਦ ਤੋਂ ਬਚਣ ਲਈ ਲੇਟ ਨਾ ਕਰੋ:**
ਬੋਰਡ ਦੀਆਂ ਪ੍ਰੀਖਿਆਵਾਂ ਦੌਰਾਨ ਵਿਦਿਆਰਥੀਆਂ ਨੂੰ ਰਾਤ ਨੂੰ ਲੰਮਾ ਸਮਾਂ ਪੜ੍ਹਾਈ ਕਰਨੀ ਪੈਂਦੀ ਹੈ। ਇਸ ਦੌਰਾਨ ਨੀਂਦ ਸਭ ਤੋਂ ਵੱਡੀ ਰੁਕਾਵਟ ਬਣ ਜਾਂਦੀ ਹੈ। ਅਜਿਹੇ ਸਮੇਂ ਵਿੱਚ, ਤੁਹਾਡੇ ਕੋਲ ਦੋ ਵਿਕਲਪ ਬਚੇ ਹਨ- ਪਹਿਲਾ ਹੈ ਕਿਤਾਬਾਂ ਨੂੰ ਪਾਸੇ ਰੱਖ ਕੇ ਆਰਾਮ ਕਰਨਾ ਅਤੇ ਦੂਜਾ ਹੈ ਆਪਣੇ ਆਪ ਨੂੰ ਜਾਗਦੇ ਰਹਿਣ ਲਈ ਨੀਂਦ ਨਾਲ ਲੜਨਾ, ਜੋ ਕਿ ਇੱਕ ਬਹੁਤ ਮੁਸ਼ਕਲ ਕੰਮ ਹੈ। ਇਸ ਲੇਖ ਦੇ ਜ਼ਰੀਏ ਅਸੀਂ ਤੁਹਾਨੂੰ ਕੁਝ ਬਹੁਤ ਹੀ ਫਾਇਦੇਮੰਦ ਟਿਪਸ ਦੱਸਣ ਜਾ ਰਹੇ ਹਾਂ, ਜਿਨ੍ਹਾਂ ਦੀ ਮਦਦ ਨਾਲ ਤੁਸੀਂ ਲੰਬੇ ਸਮੇਂ ਤੱਕ ਨੀਂਦ ਤੋਂ ਬਚ ਸਕਦੇ ਹੋ।

**ਕਮਰੇ ਵਿੱਚ ਚੰਗੀ ਰੋਸ਼ਨੀ ਹੋਣੀ ਚਾਹੀਦੀ ਹੈ:**
ਵਿਦਿਆਰਥੀ ਪੜ੍ਹਦੇ ਸਮੇਂ ਸਭ ਤੋਂ ਵੱਡੀ ਗਲਤੀ ਕਰਦੇ ਹਨ ਕਿ ਪੂਰੇ ਕਮਰੇ ਵਿੱਚ ਸਿਰਫ਼ ਇੱਕ ਟੇਬਲ ਲੈਂਪ ਨਾਲ ਪੜ੍ਹਨਾ ਹੈ। ਇਸ ਕਾਰਨ ਕਮਰੇ ਵਿੱਚ ਹਨੇਰਾ ਬਣਿਆ ਰਹਿੰਦਾ ਹੈ, ਜਿਸ ਨਾਲ ਆਰਾਮਦ-ਾਇਕ ਮਾਹੌਲ ਵਧਦਾ ਹੈ। ਇਸ ਲਈ ਅਜਿਹੀ ਅਰਾਮਦਾਇਕ ਸਥਿਤੀ ਤੋਂ ਬਚਣ ਲਈ ਆਪਣੇ ਕਮਰੇ ਵਿਚ ਭਰਪੂਰ ਰੌਸ਼ਨੀ ਰੱਖੋ।

**ਕੁਰਸੀ 'ਤੇ ਬੈਠ ਕੇ ਅਧਿਐਨ ਕਰੋ:**
ਲੰਬੇ ਸਮੇਂ ਤੱਕ ਅਧਿਐਨ ਕਰਨ ਦੌਰਾਨ ਤੁਹਾਡੀ ਬੈਠਣ ਦੀ ਸਥਿਤੀ ਵੀ ਬਹੁਤ ਮਾਇਨੇ ਰੱਖਦੀ ਹੈ। ਆਪਣੇ ਆਪ ਨੂੰ ਪਿਛਲੀ ਸਪੋਰਟ ਵਾਲੀ ਕੁਰਸੀ 'ਤੇ ਬੈਠਣ ਦੀ ਕੋਸ਼ਿਸ਼ ਕਰੋ ਅਤੇ ਸਾਹਮਣੇ ਮੇਜ਼ ਰੱਖੋ। ਇਹ ਤੁਹਾਨੂੰ ਪੜ੍ਹਾਈ ਦੌਰਾਨ ਸਰਗਰਮ ਅਤੇ ਸੁਚੇਤ ਰਹਿਣ ਵਿੱਚ ਮਦਦ ਕਰੇਗਾ।

ਜੇਕਰ ਤੁਸੀਂ ਸਵੇਰ ਤੋਂ ਲਗਾਤਾਰ ਅਧਿਐਨ ਕਰ ਰਹੇ ਹੋ, ਤਾਂ ਤੁਹਾਡੇ ਦਿਮਾਗ ਨੂੰ ਥਕਾਵਟ ਤੋਂ ਬਚਾਉਣ ਲਈ ਦੁਪਹਿਰ ਦੀ ਝਪਕੀ ਬਹੁਤ ਜ਼ਰੂਰੀ ਹੈ। ਇਹ ਤੁਹਾਨੂੰ ਪੜ੍ਹਾਈ ਦੌਰਾਨ ਦੇਰ ਰਾਤ ਤੱਕ ਸੌਣ ਤੋਂ ਬਚਣ ਵਿੱਚ ਵੀ ਮਦਦ ਕਰੇਗਾ

ਸੁਸਤਤਾ ਨੂੰ ਦੂਰ ਰੱਖਣ ਲਈ ਇਹ ਚਾਲ ਬਹੁਤ ਵਧੀਆ ਕੰਮ ਕਰਦੀ ਹੈ। ਇਸ ਨਾਲ ਪੜ੍ਹਾਈ ਦੌਰਾਨ ਨੀਂਦ ਆਉਣ ਦੀ ਸੰਭਾਵਨਾ ਘੱਟ ਜਾਂਦੀ ਹੈ। ਇਹ ਨਾ ਸਿਰਫ਼ ਨੀਂਦ ਦੀ ਕਮੀ ਨੂੰ ਦੂਰ ਕਰਨ ਵਿੱਚ ਮਦਦ ਕਰੇਗਾ ਬਲਕਿ ਤੁਹਾਡੀ ਸਿੱਖਣ ਦੀ ਸ਼ਕਤੀ ਵਿੱਚ ਵੀ ਸੁਧਾਰ ਕਰੇਗਾ।

**ਭਾਰੀ ਭੋਜਨ ਤੋਂ ਬਚੋ:**
ਭਾਰੀ ਖੁਰਾਕ ਲੈਣ ਨਾਲ ਸੁਸਤੀ ਆਉਂਦੀ ਹੈ ਜਿਸ ਨਾਲ ਤੁਹਾਨੂੰ ਸੌਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਸ ਤੋਂ ਬਚਣ ਲਈ, ਤੁਹਾਨੂੰ ਆਪਣਾ ਭੋਜਨ ਜਲਦੀ ਕਰਨਾ ਚਾਹੀਦਾ ਹੈ ਅਤੇ ਹਲਕੇ ਭੋਜਨ ਦੀ ਚੋਣ ਕਰਨੀ ਚਾਹੀਦੀ ਹੈ।

**ਹੋਰ ਪਾਣੀ ਪੀਓ:**
ਤੁਹਾਨੂੰ ਹਾਈਡਰੇਟ ਰੱਖਣ ਦੇ ਨਾਲ, ਤੁਹਾਨੂੰ ਸੁਚੇਤ ਰੱਖਣ ਲਈ ਪਾਣੀ ਪੀਣ ਦੀ ਵੀ ਸਲਾਹ ਦਿੱਤੀ ਜਾਂਦੀ ਹੈ। ਨੀਂਦ ਨੂੰ ਦੂਰ ਰੱਖਣ ਲਈ ਇਹ ਸਭ ਤੋਂ ਵਧੀਆ ਚਾਲ ਹੈ ਜਿਸ ਨੂੰ ਜ਼ਿਆਦਾਤਰ ਵਿਦਿਆਰਥੀ ਪੜ੍ਹਾਈ ਦੌਰਾਨ ਅਪਣਾਉਂਦੇ ਹਨ। ਜਦੋਂ ਤੁਸੀਂ ਬਹੁਤ ਸਾਰਾ ਪਾਣੀ ਪੀਂਦੇ ਹੋ, ਤਾਂ ਤੁਹਾਨੂੰ ਪਿਸ਼ਾਬ ਕਰਨ ਲਈ ਵਾਰ-ਵਾਰ ਬਾਥਰੂਮ ਜਾਣਾ ਪੈਂਦਾ ਹੈ, ਜਿਸ ਨਾਲ ਤੁਸੀਂ ਹਿਲਜੁਲ ਅਤੇ ਚੌਕਸ ਰਹਿੰਦੇ ਹੋ।

**'ਅਰਲੀ ਟੂ ਬੈੱਡ, ਅਰਲੀ ਟੂ ਰਾਈਜ਼' ਲਈ ਫੰਡ:**
ਜਲਦੀ ਸੌਣਾ, ਜਲਦੀ ਉੱਠਣਾ ਮਨੁੱਖ ਨੂੰ ਸਿਹਤਮੰਦ, ਅਮੀਰ ਅਤੇ ਬੁੱਧੀਮਾਨ ਬਣਾਉਂਦਾ ਹੈ। ਇਹ ਬਿਲਕੁਲ ਸੱਚ ਹੈ ਕਿਉਂਕਿ ਜੇਕਰ ਤੁਸੀਂ ਰਾਤ ਨੂੰ ਜਲਦੀ ਸੌਂਦੇ ਹੋ ਤਾਂ ਤੁਹਾਨੂੰ ਕਾਫ਼ੀ ਨੀਂਦ ਆਵੇਗੀ। ਤਾਂ ਜੋ ਤੁਸੀਂ ਪੜ੍ਹਾਈ 'ਤੇ ਚੰਗੀ ਤਰ੍ਹਾਂ ਧਿਆਨ ਲਗਾ ਸਕੋ।

**ਰਾਤ ਨੂੰ ਮੁਸ਼ਕਲ ਵਿਸ਼ਿਆਂ ਤੋਂ ਬਚੋ:**
ਜੇ ਤੁਸੀਂ ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕਰ ਰਹੇ ਹੋ ਜਾਂ ਮੁਸ਼ਕਲ ਵਿਸ਼ਿਆਂ ਨੂੰ ਸਿੱਖਣ ਦੀ ਕੋਸ਼ਿਸ਼ ਕਰ ਰਹੇ ਹੋ ਤਾਂ ਤੁਸੀਂ ਰਾਤ ਨੂੰ ਵਧੇਰੇ ਸੁਸਤ ਮਹਿਸੂਸ ਕਰੋਗੇ। ਰਾਤ ਨੂੰ ਸਿਲੇਬਸ ਦੇ ਸਿਰਫ ਹਲਕੇ ਅਤੇ ਆਸਾਨ ਭਾਗਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰੋ। ਦੇਰ ਰਾਤ ਦੇ ਅਧਿਐਨ ਲਈ ਸਿਰਫ਼ ਉਹੀ ਵਿਸ਼ੇ ਚੁਣੋ ਜੋ ਆਸਾਨ, ਦਿਲਚਸਪ ਅਤੇ ਤੁਹਾਡੇ ਮਨਪਸੰਦ ਹੋਣ।

*-ਵਿਜੈ ਗਰਗ*
*ਸੇਵਾ ਮੁਕਤ ਪ੍ਰਿੰਸਪਲ*
*ਮਲੋਟ।*

# ਵੱਡੀ ਅਣਗਹਿਲੀ !

ਇੱਕ ਥਾਂ ਤੋਂ ਦੂਸਰੀ ਥਾਂ ਤੱਕ ਆਉਣ - ਜਾਣ ਲਈ ਮਨੁੱਖ ਦੁਆਰਾ ਕਈ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਆਵਾਜਾਈ ਦੇ ਸਾਧਨਾਂ ਵਚਿੋਂ ਇੱਕ ਮੁੱਖ ਸਾਧਨ ਹੈ : ਮੋਟਰਸਾਈਕਲ ਜਾਂ ਸਕੂਟਰੀ।ਅਸੀ ਅਕਸਰ ਆਪਣੇ ਪਰਵਿਾਰਕ ਮੈਂਬਰਾਂ , ਰਸ਼ਿਤੇਦਾਰਾਂ ਤੇ ਜਾਣਕਾਰ ਵਅਿਕਤੀਆਂ ਨਾਲ ਮੋਟਰਸਾਈਕਲ 'ਤੇ ਸਫਰ ਕਰਦੇ ਹਾਂ ਅਤੇ ਰੋਜ਼ਾਨਾ ਜੀਵਨ ਦੇ ਕੰਮ - ਧੰਦੇ ਪੂਰੀ ਕਰਦੇ ਹਾਂ। ਇਸੇ ਤਰ੍ਹਾਂ ਸਾਡੀਆਂ ਮਾਤਾਵਾਂ , ਭੈਣਾਂ , ਧੀਆਂ ਵੀ ਮੋਟਰਸਾਈਕਲਾਂ 'ਤੇ ਸਫ਼ਰ ਕਰਦੀਆਂ ਹਨ , ਪ੍ਰੰਤੂ ਕਈ ਵਾਰ ਇਹ ਦੇਖਣ ਵਚਿ ਆਉਂਦਾ ਹੈ ਕ ਿਅਕਸਰ ਔਰਤਾਂ ਮੋਟਰਸਾਈਕਲ 'ਤੇ ਸਫਰ ਕਰਨ ਦੇ ਦੌਰਾਨ ਆਪਣੇ ਗਲ਼ ਵਚਿ ਪਾਈ ਹੋਈ ਚੁੰਨੀ ਜਾਂ ਦੁਪੱਟਾ ਆਦ ਿਗਲ਼ ਵਚਿ ਪਾ ਕੇ ਹੇਠਾਂ ਮੋਟਰਸਾਈਕਲ ਜਾਂ ਸਕੂਟਰੀ ਦੇ ਟਾਇਰਾਂ ਵੱਲ ਸੁੱਟ / ਕਰ ਰੱਖਦੀਆਂ ਹਨ ; ਜੋ ਕ ਿਬਹੁਤ ਵੱਡੀ ਭਿਆਨਕ ਜਾਨਲੇਵਾ ਅਣਗਹਲਿੀ ਹੈ। ਜਸਿ ਨਾਲ ਕ ਿਕਸਿ ਿਵੀ ਧੀ , ਭੈਣ , ਮਾਤਾ ਦੀ ਜਾਨ ਜਾ ਸਕਦੀ ਹੈ ਅਤੇ ਅਚਾਨਕ ਹੀ ਬਹੁਤ ਵੱਡੀ ਦੁਖਦਾਇਕ ਦੁਰਘਟਨਾ ਵਾਪਰ ਸਕਦੀ ਹੈ ਤੇ





ਅਚਾਨਕ ਹੀ ਹੱਸਦੇ - ਵੱਸਦੇ ਘਰ ਉੱਜੜ ਜਾਂਦੇ ਹਨ। ਇਹ ਤਾਂ ਕੇਵਲ ਤੇ ਕੇਵਲ ਉਸ ਇਨਸਾਨ ਨੂੰ ਹੀ ਪਤਾ ਹੈ , ਜਸਿ ਵਚਿਾਰੇ ਨਾਲ ਜ਼ਰਾ ਜਨਿੀ ਵਾਪਰੀ ਅਣਗਹਲਿੀ ਸਦਕਾ ਪਰਵਿਾਰ ਦਾ ਮੈਂਬਰ ਅਕਾਲ ਮ੍ਰਤਿੂ ਦੇ ਮੂੰਹ ਵਚਿ ਚਲਾ ਜਾਂਦਾ ਹੈ। ਵੀਰਾਂ ਤੇ ਬਜ਼ੁਰਗਾਂ ਨੂੰ ਵੀ ਅਜਹਿੀ ਅਣਗਹਲਿੀ ਲਈ ਖੁਦ ਪ੍ਰਤੀ ਅਤੇ ਖ਼ਾਸ ਤੌਰ 'ਤੇ ਔਰਤਾਂ ਪ੍ਰਤੀ ਬਹੁਤ ਜ਼ਆਿਦਾ ਸੁਚੇਤ ਹੋਣਾ ਪੈਣਾ ਹੈ । ਇਸ ਦੇ ਨਾਲ ਹੀ ਸਾਨੂੰ ਆਪਣੇ ਮੋਟਰਸਾਈਕਲ /ਸਕੂਟਰੀ ਆਦ ਿਦਾ ਸਟੈਂਡ ਵੀ ਡਰਾਈਵਗਿ ਕਰਦੇ ਸਮੇਂ ਜ਼ਰੂਰ ਚੁੱਕ ਲੈਣਾ/ਉੱਪਰ ਕਰ ਲੈਣਾ ਚਾਹੀਦਾ ਹੈ। ਇਨ੍ਹਾਂ ਦੋਵਾਂ ਨੱਕੀਆਂ , ਪਰ ਬਹੁਤ ਘਾਤਕ ਅਣਗਹਲਿੀਆਂ ਪ੍ਰਤੀ ਸਾਨੂੰ ਖੁਦ ਅਤੇ ਸੜਕ 'ਤੇ ਆ - ਜਾ ਰਹੇ ਹੋਰ ਦੂਸਰੇ ਲੋਕਾਂ ਪ੍ਰਤੀ ਵੀ ਧਆਿਨ ਦੰਿਦੇ ਰਹਣਿਾ ਚਾਹੀਦਾ ਹੈ। ਸ਼ਾਇਦ ਦੂਸਰਆਿਂ ਪ੍ਰਤੀ ਨਭਿਾਇਆ ਗਆਿ ਇਹ ਫ਼ਰਜ਼ ਬਹੁਤ ਵੱਡਾ ਪੁੰਨ ਹੀ ਹੈ।

" ਖ਼ੁਦ ਬਚੋ ,
ਪਰਵਿਾਰਕ ਮੈਂਬਰਾਂ ਨੂੰ ਤੇ ਦੂਸਰਆਿਂ ਨੂੰ ਵੀ ਬਚਾਓ ,
ਸੜ਼ਕ ਸੁਰੱਖਆਿ ਦੇ ਨਯਿਮ ਅਪਨਾਓ,
ਮਾਨਵਤਾ ਦਾ ਧਰਮ ਨਭਿਾਓ । "

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਬਿ*
*9478561356*




# ਜਾਂਚ ਕਮਿਸ਼ਨ ਦੀ ਰਿਪੋਰਟ, ਅਕਾਲੀ-ਭਾਜਪਾ ਰਾਜ ਵਿੱਚ 437 ਬੇਕਸੂਰਾਂ ਉਤੇ ਕੇਸ ਦਰਜ ਹੋਏ ਸੀ ਕੇਸ

ਚੰਡੀਗੜ੍ਹ, 28 ਮਾਰਚ (ਪੋਸਟ ਬਿਊਰੋ)- ਪਿਛਲੀ ਕਾਂਗਰਸੀ ਸਰਕਾਰ ਵੱਲੋਂ ਬਣਾਏ ਜਸਟਿਸ ਮਹਿਤਾਬ ਸਿੰਘ ਗਿੱਲ ਦੀ ਅਗਵਾਈ ਵਾਲੇ ਜਾਂਚ ਕਮਿਸ਼ਨ ਦੀ ਰਿਪੋਰਟ ਅਨੁਸਾਰ ਅਕਾਲੀ-ਭਾਜਪਾ ਸਰਕਾਰ ਦੌਰਾਨ 437 ਨਿਰਦੋਸ਼ਾਂ ਨੂੰ ਪੰਜਾਬ ਪੁਲਸ ਨੇ ਝੂਠੇ ਪੁਲਸ ਕੇਸਾਂ ਵਿੱਚ ਫਸਾਇਆ ਅਤੇ ਕਈ ਲੋਕਾਂ ਨੂੰ ਸਿਆਸੀ ਰੰਜਿਸ਼ ਕਰ ਕੇ ਨਿਸ਼ਾਨਾ ਬਣਾਇਆ ਸੀ। ਇਹ 420 ਪੰਨਿਆਂ ਦੀ ਰਿਪੋਰਟ ਬੀਤੀ ਚਾਰ ਮਾਰਚ ਨੂੰ ਮੁੱਖ ਮੰਤਰੀ ਪੰਜਾਬ ਨੂੰ ਸੌਂਪੀ ਗਈ ਹੈ।

ਵਰਨਣ ਯੋਗ ਹੈ ਕਿ ਕਾਂਗਰਸ ਨੇ 2017 ਦੀਆਂਚੋਣਾਂ ਦੌਰਾਨ ਵਾਅਦਾ ਕੀਤਾ ਸੀ ਕਿ ਜਿਨ੍ਹਾਂ ਬੇਕਸੂਰ ਲੋਕਾਂ ਉੱਤੇ ਗੱਠਜੋੜ ਸਰਕਾਰ ਨੇ ਕੇਸ ਦਰਜ ਕੀਤੇ ਹਨ, ਉਨ੍ਹਾਂ ਦੀ ਜਾਂਚ ਕਰਵਾ ਕੇ ਕੇਸ ਰੱਦ ਕੀਤੇ ਜਾਣਗੇ। ਓਦੋਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਸੰਭਾਲਣ ਮਗਰੋਂ ਜਸਟਿਸ ਮਹਿਤਾਬ ਸਿੰਘ ਗਿੱਲ ਦੀ ਅਗਵਾਈ ਹੇਠ ਜਾਂਚ ਕਮਿਸ਼ਨ ਬਣਾਇਆਤਾਂ ਇਸ ਕਮਿਸ਼ਨ ਨੇ ਪੀੜਤਾਂ ਤੋਂ ਦਰਖਾਸਤਾਂ ਮੰਗ ਕੇ ਜਾਂਚ ਕੀਤੀ ਤੇ ਕਈ ਪੜਾਵਾਂ ਵਿੱਚ ਰਿਪੋਰਟ ਸਰਕਾਰ ਨੂੰ ਸੌਂਪੀ ਸੀ। ਜਾਂਚ ਕਮਿਸ਼ਨ ਨੂੰ ਅਕਾਲੀ-ਭਾਜਪਾ ਸਰਕਾਰ ਦੇ 10 ਸਾਲਾ ਰਾਜ ਵੇਲੇ ਜ਼ਿਆਦਤੀਆਂ ਦੇ ਸ਼ਿਕਾਰ ਹੋਣ ਦੀਆਂ 4702 ਸ਼ਿਕਾਇਤਾਂ ਮਿਲੀਆਂ ਸਨ। ਸਮੁੱਚੀ ਜਾਂਚ ਰਿਪੋਰਟ ਤੋਂ ਸਾਫ ਹੁੰਦਾ ਹੈ ਕਿ ਗੱਠਜੋੜ ਸਰਕਾਰ ਸਮੇਂ ਬਹੁਤੇ ਕੇਸ ਧੋਖਾਧੜੀ, ਜਾਅਲਸਾਜ਼ੀ ਅਤੇ ਬਲਾਤਕਾਰ ਦੇ ਦਰਜ ਕੀਤੇ ਗਏ ਸਨ। ਇਨ੍ਹਾਂ ਕੇਸਾਂ ਵਿੱਚ ਗੱਠਜੋੜ ਸਰਕਾਰ



ਸਮੇਂ ਅਕਾਲੀ ਆਗੂਆਂ ਅਤੇ ਆਮ ਆਦਮੀ ਪਾਰਟੀ ਆਗੂ ਵੀ ਨਿਸ਼ਾਨਾ ਬਣਾਏ ਗਏ ਸਨ। ਕਾਫੀ ਸਾਰੇ ਕੇਸ ਐਨ ਡੀ ਪੀ ਐਸ ਐਕਟ (ਨਸ਼ੀਲੇ ਪਦਾਰਥਾਂ ਬਾਰੇ ਕਾਨੂੰਨ) ਹੇਠ ਵੀ ਦਰਜ ਹੋਏ ਸਨ। ਕਮਿਸ਼ਨ ਨੇ ਸਾਰੀਆਂ ਸਿਆਸੀ ਧਿਰਾਂ ਦੇ ਪੀੜਤਾਂ ਨੂੰ ਰਾਹਤ ਦਿੱਤੀ, ਪਰ ਕੁੱਲ 4702 ਸ਼ਿਕਾਇਤਾਂ ਵਿੱਚੋਂ 1179 ਸ਼ਿਕਾਇਤਾਂ ਦਾ ਕੋਈ ਆਧਾਰ ਨਹੀਂ ਲੱਭਾ, ਜਿਸ ਦੇ ਆਧਾਰ ਉੱਤੇ ਦਰਜ ਕੇਸ ਗਲਤ ਮੰਨੇ ਜਾ ਸਕਦੇ ਹਨ। ਇਸੇ ਤਰ੍ਹਾਂ 224 ਸ਼ਿਕਾਇਤਾਂ ਦਾ ਸਬੰਧ ਅਧਿਕਾਰ ਖੇਤਰ ਤੋਂ ਬਾਹਰ ਦਾ ਹੋਣ ਕਰ ਕੇ ਉਨ੍ਹਾਂ ਨੂੰ ਗ੍ਰਹਿ ਵਿਭਾਗ ਨੂੰ ਵਾਪਸ ਭੇਜ ਦਿੱਤਾ ਸੀ। ਜਾਂਚ ਕਮਿਸ਼ਨ ਨੂੰ ਨੋਡਲ ਅਫਸਰਾਂ ਤੋਂ ਮਿਲੀ ਫੀਡਬੈਕ ਦੇ ਆਧਾਰ ਉੱਤੇ 437 ਕੇਸਾਂ ਵਿੱਚੋਂ 360 ਕੇਸਾਂ ਵਿੱਚ ਕਮਿਸ਼ਨ ਦੇ ਹੁਕਮਨੂੰ ਲਾਗੂ ਹੋ ਗਏ, ਜਿਨ੍ਹਾਂ ਨੂੰ ਮਨਜ਼ੂਰੀ ਦਿੱਤੀ ਗਈ ਸੀ। ਇਸੇ ਤਰ੍ਹਾਂ ਹੇਠਲੀਆਂ ਅਦਾਲਤਾਂ ਵਿੱਚ 236 ਕੇਸਾਂ ਵਿੱਚ ਪੁਲਸ ਕੇਸ ਰੱਦ ਕਰਨ ਦੀਆਂ ਰਿਪੋਰਟਾਂ ਦਿੱਤੀਆਂ ਗਈਆਂ ਅਤੇ 35 ਕੇਸਾਂ ਵਿੱਚ ਆਈ ਪੀ ਸੀ (ਇੰਡੀਅਨ ਪੀਨਲ ਕੋਡ) ਦੀ ਧਾਰਾ 182 ਹੇਠ ਕਾਰਵਾਈ ਸ਼ੁਰੂ ਕੀਤੀ ਗਈ ਸੀ। ਰਿਪੋਰਟ ਅਨੁਸਾਰ 33 ਕੇਸਾਂ ਵਿੱਚ ਮੁਆਵਜ਼ਾ ਦਿੱਤਾ ਗਿਆ ਸੀ।

ਜਾਂਚ ਕਮਿਸ਼ਨ ਨੇ ਸੁਣਵਾਈ ਪੈਂਡਿੰਗ ਹੋਣ ਕਰ ਕੇ 1132 ਸ਼ਿਕਾਇਤਾਂ ਵਿੱਚ ਸੁਣਵਾਈ ਨਹੀਂ ਕੀਤੀ ਅਤੇ ਹੋਰ 526 ਸ਼ਿਕਾਇਤਾਂ ਸ਼ੱਕ ਦੇ ਲਾਭ ਜਾਂ ਸਮਝੌਤਾ ਹੋਣ ਕਰ ਕੇ ਕੇਸ ਤੋਂ ਬਰੀ ਹੋਣ ਕਰ ਕੇ ਰੱਦ ਕੀਤੀਆਂ ਗਈਆਂ। ਇਸ ਤੋਂ ਇਲਾਵਾ ਕਮਿਸ਼ਨ ਕੋਲ ਅਜਿਹੀਆਂ ਸ਼ਿਕਾਇਤਾਂ ਪੁੱਜੀਆਂ, ਜਿਨ੍ਹਾਂ ਦਾ ਫੈਸਲਾ ਅਦਾਲਤਾਂ ਵਿੱਚ ਹੋ ਚੁੱਕਾ ਸੀ। ਉਂਜ 90 ਸ਼ਿਕਾਇਤਾਂ ਨੂੰ ਸ਼ਿਕਾਇਤਕਰਤਾ ਨੇ ਵਾਪਸ ਲੈ ਲਿਆ ਤਾਂ ਉਹ ਵੀ ਕਮਿਸ਼ਨ ਨੇ ਰੱਦ ਕਰ ਦਿੱਤੀਆਂ ਸਨ ਅਤੇ 294 ਕੇਸਾਂ ਵਿੱਚ ਸ਼ਿਕਾਇਤਕਰਤਾ ਪੇਸ਼ ਹੀ ਨਾ ਹੋਣ ਕਰ ਕੇ ਉਨ੍ਹਾਂ ਨੂੰ ਰੱਦ ਕਰ ਦਿੱਤਾ ਗਿਆ। ਕਮਿਸ਼ਨ ਵੱਲੋਂ 17 ਕੇਸਾਂ ਵਿੱਚ ਪੁਲਸ ਮੁਲਾਜ਼ਮਾਂ ਅਤੇ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਹੈ, ਜਿਨ੍ਹਾਂ ਨੇ ਆਪਣੀ ਤਾਕਤ ਦੀ ਗਲਤ ਵਰਤੋਂ ਕੀਤੀ ਸੀ ਅਤੇ ਦੋਸ਼ੀ ਅਧਿਕਾਰੀਆਂ ਅਤੇ ਮੁਲਾਜ਼ਮਾਂ ਵਿੱਚ ਸਭ ਤੋਂ ਵੱਧ 9 ਇਕੱਲੇ ਜ਼ਿਲ੍ਹਾ ਲੁਧਿਆਣਾ ਦੇ ਹਨ।

ਜਸਟਿਸ ਮਹਿਤਾਬ ਸਿੰਘਗਿੱਲ ਇਸ ਵੇਲੇ ਮੁੱਖ ਵਿਜੀਲੈਂਸ ਕਮਿਸ਼ਨਰ ਹਨ। ਇਸ ਨਿਯੁਕਤੀ ਤੋਂ ਪਹਿਲਾਂ ਉਨ੍ਹਾ ਨੇ ਜਾਂਚ ਕਮਿਸ਼ਨ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਉਸ ਪਿੱਛੋਂ ਕਮਿਸ਼ਨ ਦੇ ਮੈਂਬਰ ਅਤੇ ਸੇਵਾਮੁਕਤ ਜ਼ਿਲ੍ਹਾ ਅਤੇ ਸੈਸ਼ਨ ਜੱਜ ਬੀ ਐਸ ਮਹਿੰਦੀਰੱਤਾ ਨੇ ਕਮਿਸ਼ਨ ਦੇ ਚੇਅਰਮੈਨ ਦਾ ਅਹੁਦਾ ਸਾਂਭਿਆ ਸੀ, ਜਿਸ ਦੇ ਬਾਅਦ 31 ਅੰਤਿਮ ਰਿਪੋਰਟਾਂ ਤੋਂ ਮਗਰੋਂ ਅੰਤਿਮ ਰਿਪੋਰਟ ਸੌਂਪ ਦਿੱਤੀ, ਜਿਸ ਵਿੱਚ ਇਹ ਸਾਰੇ ਤੱਥ ਉਭਰੇ ਹਨ।

## ਪੈਨਸ਼ਨ ਦੇ ਫ਼ੈਸਲੇ ਉੱਤੇ ਭਗਵੰਤ ਮਾਨ ਬੋਲੇ: ਕਿਸੇ ਨੇ ਕਾਰਡ ਭੇਜ ਕੇ ਐਮ ਐਲ ਏ ਬਣਨ ਲਈ ਨਹੀਂ ਕਿਹਾ, ਕੋਈ ਹੋਰ ਕੰਮ ਕਰ ਲੈਂਦੇ

ਚੰਡੀਗੜ੍ਹ, 28 ਮਾਰਚ (ਪੋਸਟ ਬਿਊਰੋ)- ਪੰਜਾਬ ਵਿੱਚ 'ਇੱਕ ਵਿਧਾਇਕ-ਇੱਕ ਪੈਨਸ਼ਨ' ਲਾਗੂ ਕਰਨ ਤੋਂ ਬਾਅਦ ਕੁਝ ਸਾਬਕਾ ਵਿਧਾਇਕ ਇਸ ਦਾ ਵਿਰੋਧ ਕਰ ਰਹੇ ਹਨ, ਜਿਸ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਨੂੰ ਖਰੀਆਂ-ਖਰੀਆਂ ਸੁਣਾਈਆਂ ਸਨ ਅਤੇ ਕਿਹਾ ਹੈ ਕਿ ਕੋਈ ਹੋਰ ਕੰਮ ਕਰ ਲੈਣਾ ਸੀ।

ਮਾਨਸਾ ਪਹੁੰਚੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ 'ਤੁਹਾਨੂੰ ਕਿਸ ਨੇ ਕਿਹਾ ਸੀ ਕਿ ਤੁਸੀਂ ਆਉ ਅਤੇ ਵਿਧਾਇਕ ਬਣ ਜਾਉ। ਤੁਸੀਂ ਨਾ ਬਣਦੇ, ਕੋਈ ਹੋਰ ਕੰਮ ਕਰ ਲੈਂਦੇ।' ਮਾਨ ਨੇ ਕਿਹਾ ਕਿ 'ਇੱਕ ਵਿਧਾਇਕ-ਇੱਕ ਪੈਨਸ਼ਨ' ਦੇ ਫੈਸਲੇ ਕਾਰਨ ਪੂਰੇ ਦੇਸ਼ ਵਿੱਚ ਬਹਿਸ ਚੱਲ ਰਹੀ ਹੈ। ਪੰਜਾਬ ਵਿੱਚ 8 ਤੋਂ 9 ਪੈਨਸ਼ਨਾਂ ਲਈਆਂ ਜਾਂ ਰਹੀਆਂ ਹਨ। ਪਰਵਾਰ ਨੂੰ ਵੀ



ਪੈਨਸ਼ਨ ਮਿਲਦੀ ਹੈ। ਮੁਫ਼ਤ ਇਲਾਜ, ਰੇਲ ਸੇਵਾ ਵੀ ਮੁਫ਼ਤ ਤੇ ਹਵਾਈ ਸਫ਼ਰ ਵੀ ਹੈ। ਇਸ ਲਈ ਸਰਕਾਰੀ ਖਜ਼ਾਨੇ ਨੂੰ ਜੋ ਜ਼ੰਜੀਰਾਂ ਪਾਈਆਂ ਗਈਆਂ ਹਨ, ਉਨ੍ਹਾਂ ਨੂੰ ਜਨਤਾ ਲਈ ਖੋਲ੍ਹਣਾ ਹੋਵੇਗਾ। ਭਗਵੰਤ ਮਾਨ ਨੇ ਕਿਹਾ ਕਿ ਕੁਝ ਕਾਂਗਰਸੀ ਕਹਿੰਦੇ ਹਨ ਕਿ ਦਿੱਲੀ ਦੇ ਵਿਧਾਇਕ ਦੀ ਤਨਖ਼ਾਹ 2.50 ਲੱਖ ਹੈ, ਪਹਿਲਾਂ ਇਸ ਨੂੰ ਘਟਾਉ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਵਿਧਾਇਕ ਦੀ ਮੁੱਢਲੀ ਤਨਖ਼ਾਹ 12 ਹਜ਼ਾਰ ਰੁਪਏ ਹੈ।

## ਹੋਲੇ ਮਹੱਲੇ ਦੌਰਾਨ ਬੱਚਾ ਗਾਇਬ ਕਰਨ ਦਾ ਦੋਸ਼ੀ ਪਟਿਆਲੇ ਤੋਂ ਕਾਬੂ

ਸ੍ਰੀ ਆਨੰਦਪੁਰ ਸਾਹਿਬ, 28 ਮਾਰਚ (ਪੋਸਟ ਬਿਊਰੋ)- ਹੋਲੇ ਮਹੱਲੇ ਦੌਰਾਨ ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਲੰਗਰ ਹਾਲ ਤੋਂ ਇੱਕ ਵਿਅਕਤੀ ਵੱਲੋਂ ਉਥੋਂ ਦੇ ਸੇਵਾਦਾਰ ਦੇ ਛੇ ਸਾਲਾ ਬੇਟੇ ਨੂੰ ਅਗ਼ਵਾ ਕਰ ਕੇ ਬਦਫੈਲੀ ਕਰਨ ਵਾਲੇ ਦੋਸ਼ੀ ਨੂੰ ਸਥਾਨਕ ਪੁਲਸ ਵੱਲੋਂ ਗ੍ਰਿਫ਼ਤਾਰ ਕਰ ਕੇ ਬੱਚੇ ਨੂੰ ਵਾਰਸਾਂ ਦੇ ਹਵਾਲੇ ਕਰ ਦਿੱਤਾ ਹੈ।

ਥਾਣਾ ਮੁੱਖੀ ਨੇ ਦੱਸਿਆ ਕਿ ਹੋਲੇ ਮਹੱਲਾ ਦੌਰਾਨ ਚੰਨਣ ਸਿੰਘ ਨੇ ਪੁਲਸ ਨੂੰ ਸ਼ਿਕਾਇਤ ਕੀਤੀ ਕਿ ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਲੰਗਰ ਹਾਲ ਵਿੱਚ ਇੱਕ 25 ਸਾਲਾ ਵਿਅਕਤੀ ਸੇਵਾ ਕਰਦਾ ਸੀ,ਜੋ ਆਪਣਾ ਨਾਮ ਗਗਨ ਦੱਸਦਾ ਸੀ। ਉਸ ਦੀ ਚੰਨਣ ਸਿੰਘ ਦੇ ਲੜਕੇ ਨਾਲ ਕਾਫ਼ੀ ਜਾਣ ਪਛਾਣ ਹੋ ਗਈ ਤੇ 18 ਮਾਰਚ ਨੂੰ ਉਸ ਦਾ ਲੜਕਾ ਉਸ ਦੇ ਘਰ ਨਹੀਂ ਸੀ ਅਤੇ ਗਗਨ ਵੀ ਗ਼ਾਇਬ ਸੀ। ਕੈਮਰਿਆਂ ਦੀ ਜਾਂਚ ਤੋਂ ਪਤਾ ਲੱਗਾ ਕਿ ਗਗਨ ਮੁਦਈ ਚੰਨਣ ਸਿੰਘ ਦੇ ਲੜਕੇ ਨੂੰ ਲੈ ਕੇ ਜਾ ਰਿਹਾ ਸੀ। ਜਾਂਚਦੌਰਾਨ ਉਕਤ ਨਿਹੰਗ ਬਾਣੇ ਵਾਲੇ ਵਿਅਕਤੀ ਦੀ ਪਛਾਣ ਸ਼ਮਸ਼ੇਰ ਸਿੰਘ ਵਾਸੀ ਤਾਜਪੁਰ ਥਾਣਾ ਰਾਏਕੋਟ ਜ਼ਿਲ੍ਹਾ ਲੁਧਿਆਣਾ ਵਜੋਂ ਹੋਈ ਤੇ ਪੁਲਸ ਨੇ ਸੂਚਨਾ ਦੇ ਆਧਾਰ ਤੇ ਪਟਿਆਲਾ ਰੇਲਵੇ ਸਟੇਸ਼ਨ ਕੋਲੋਂ ਉਕਤ ਕਥਿਤ ਦੋਸ਼ੀ ਨੂੰ ਬੱਚੇ ਸਮੇਤ ਕਾਬੂ ਕਰ ਲਿਆ ਹੈ।

## ਪਸ਼ੂ ਪਾਲਣ ਦੇ ਧੰਦੇ ਨਾਲ ਨੌਜਵਾਨਾਂ ਨੂੰ ਜੋੜਨ ਲਈ ਨੀਤੀ ਤਿਆਰ ਕਰਨ ਲਈ ਅਧਿਕਾਰੀਆਂ ਨੂੰ ਨਿਰਦੇਸ਼

*ਪਸ਼ੂ ਪਾਲਣ ਦੇ ਧੰਦੇ ਨੂੰ ਲਾਭਕਾਰੀ ਬਣਾਉਣ ਲਈ ਮੰਡੀਕਰਨ ਦੇ ਢਾਂਚੇ ਨੂੰ ਮਜਬੂਤ ਕੀਤਾ ਜਾਵੇਗਾ: ਕੁਲਦੀਪ ਧਾਲੀਵਾਲ

ਚੰਡੀਗੜ/ਐਸ.ਏ.ਐਸ ਨਗਰ, 28 ਮਾਰਚ (ਗਿਆਨ ਸਿੰਘ) ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਸੂਬੇ ਦੇ ਨੌਜਵਾਨਾਂ ਨੂੰ ਪਸ਼ੂ ਪਾਲਣ ਦੇ ਸਹਾਇਕ ਧੰਦੇ ਨਾਲ ਜੋੜਨ ਲਈ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਜਲਦ ਤੋਂ ਜਲਦ ਅਜਿਹੀ ਨੀਤੀ ਤਿਆਰ ਕੀਤੀ ਜਾਵੇ ਜਿਸ ਨਾਲ ਵੱਧ ਤੋਂ ਵੱਧ ਨੌਜਾਵਨ ਪਸ਼ੂ ਪਾਲਣ ਦੇ ਧੰਦੇ ਨੂੰ ਅਪਣਾ ਕੇ ਆਪਣੇ ਕਾਰੋਬਾਰ ਸ਼ੁਰੂ



ਕਰ ਸਕਣ। ਅੱਜ ਇੱਥੇ ਪਸ਼ੂ ਪਾਲਣ ਵਿਭਾਗ ਦੇ ਮੁੱਖ ਦਫਤਰ ਵਿਖੇ ਅਧਿਕਾਰੀਆਂ ਨਾਲ ਪਹਿਲੀ ਮੀਟਿੰਗ ਦੌਰਾਨ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਚਾਰਾ, ਫੀਡ ਅਤੇ ਦਵਾਈਆਂ ਮਹਿੰਗੀਆਂ ਹੋਣ ਕਾਰਨ ਪਸ਼ੂ ਪਾਲਣ ਦਾ ਧੰਦਾ ਬਹੁਤਾ ਲਾਭਕਾਰੀ ਨਹੀਂ ਰਿਹਾ।

ਪਸ਼ੂ ਪਾਲਣ ਮੰਤਰੀ ਨੇ ਕਿਹਾ ਕਿ ਸਸਤੀ ਮਿਆਰੀ ਫੀਡ ਅਤੇ ਸਸਤੀਆਂ ਦਵਾਈਆਂ ਪਸ਼ੂ ਪਾਲਕਾਂ ਨੂੰ ਮੁਹੱਈਆ ਕਰਵਾਉਣ ਲਈ ਠੋਸ ਉਪਰਾਲੇ ਕੀਤੇ ਜਾਣ ਤਾਂ ਜੋ ਇਸ ਧੰਦੇ ਨੂੰ ਲਾਭਦਾਇਕ ਬਣਾਇਆ ਜਾ ਸਕੇ। ਮੰਤਰੀ ਨੇ ਕਿਹਾ ਕਿ ਪਸ਼ੂ ਪਾਲਣ ਦੇ ਧੰਦੇ ਨੂੰ ਪ੍ਰਫੁਲਤ ਕਰਨ ਲਈ ਵਧੀਆ ਮੰਡੀਕਰਨ ਦਾ ਢਾਂਚਾ ਖੜਾ ਕਰਨ ਦੀ ਲੋੜ ਹੈ ਤਾਂ ਜੋ ਪਸ਼ੂ ਪਾਲਕ ਆਪਣੇ ਪਸ਼ੂ ਅਤੇ ਮੀਟ, ਦੁੱਧ, ਅੰਡੇ ਆਦਿ ਪਦਾਰਥ ਅਸਾਨੀ ਨਾਲ ਵਧੀਆ ਭਾਅ 'ਤੇ ਵੇਚ ਸਕਣ। ਇਸ ਸਬੰਧੀ ਉਨਾ ਅਧਿਕਾਰੀਆਂ ਕਿਹਾ ਕਿ ਮੰਡੀਕਰਨ ਦੇ ਢਾਂਚੇ ਨੂੰ ਮਜਬੂਤ ਕਰਨ ਲਈ ਇੱਕ ਰੋਡਮੈਪ ਉਨਾਂ ਨਾਲ ਸਾਂਝਾ ਕੀਤਾ ਜਾਵੇ ਜਿਸ ਨੂੰ ਜਲਦ ਤੋਂ ਜਲਦ ਅਮਲੀ ਰੂਪ ਪਹਿਨਾਇਆ ਜਾਵੇਗਾ। ਇਸ ਦੇ ਨਾਲ ਹੀ ਕਿਹਾ ਕਿ ਸੂਬੇ ਵਿਚ ਘੋੜਿਆਂ ਦਾ ਕਾਰੋਬਾਰ ਕਾਫੀ ਵਧ ਰਿਹਾ ਹੈ ਅਤੇ ਬਹੁਤ ਸਾਰੇ ਲੋਕਾਂ ਨੇ ਆਪਣੇ ਸਟੱਡ ਫਾਰਮ ਵੀ ਬਣਾਏ ਹਨ। ਉਨਾਂ ਕਿਹਾ ਕਿ ਘੋੜਿਆਂ ਦੇ ਕਾਰੋਬਾਰ ਵਿਚ ਐਨ.ਆਰ.ਆਈ ਭਰਾ ਵੀ ਬਹੁਤ ਰੁਚੀ ਦਿਖਾ ਰਹੇ ਹਨ। ਘੋੜਿਆਂ ਦੀ ਰਾਸ਼ਟਰੀ ਅਤੇ ਅੰਤਰਾਸ਼ਟਰੀ ਪੱਧਰ 'ਤੇ ਵੇਚ ਵੱਟ ਲਈ ਵਿਭਾਗ ਨੂੰ ਵਿਸੇਸ਼ ਨੀਤੀ ਤਿਆਰ ਕਰਨ ਲਈ ਵੀ ਪਸ਼ੂ ਪਾਲਣ ਮੰਤਰੀ ਵਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ।

ਕੁਲਦੀਪ ਧਾਲੀਵਾਲ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਕਈ ਵਾਰ ਕੁਦਰਤੀ ਕਾਰਨਾ ਕਰਕੇ ਜਾ ਕਈ ਹੋਰਨਾ ਕਾਰਨਾ ਕਰਕੇ ਪਸ਼ੂ ਪਾਲਕਾਂ ਨੂੰ ਵੱਡੇ ਘਾਟੇ ਪੈ ਜਾਂਦੇ ਹਨ ਜਿਸ ਕਾਰਨ ਉਹ ਪਸ਼ੂ ਪਾਲਣ ਦੇ ਸਹਾਇਕ ਧੰਦੇ ਤੋਂ ਕਿਨਾਰਾ ਕਰ ਜਾਂਦੇ ਹਨ। ਉਨਾਂ ਕਿ ਇਸ ਘਾਟੇ ਦੀ ਭਰਪਾਈ ਲਈ ਵਿਭਾਗ ਵਲੋਂ ਸੁਖਾਲੀ ਬੀਮਾ ਪਾਲਸੀ ਤਿਆਰ ਕਰਨ ਲਈ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ।


ਮੀਟਿੰਗ ਵਿਚ ਹੋਰਨਾ ਤੋਂ ਇਲਾਵਾ ਪਸ਼ੂ ਪਾਲਣ ਵਿਭਾਗ ਦੀ ਵਿਸੇਸ ਮੁੱਖ ਸਕੱਤਰ ਰਵਨੀਤ ਕੌਰ, ਸਕੱਤਰ ਮਾਲਵਿੰਦਰ ਸਿੰਘ ਜੱਗੀ, ਜੁਆਇੰਟ ਸਕੱਤਰ ਰਾਜਪਾਲ ਸਿੰਘ, ਵਾਈਸ਼ ਚਾਂਸਲਰ ਗਡਵਾਸੂ ਡਾ. ਇੰਦਰਜੀਤ ਸਿੰਘ, ਡਾਇਰੈਕਟਰ ਪਸ਼ੂ ਪਾਲਣ ਡਾ. ਐਸ.ਐਸ ਕਾਹਲੋਂ, ਡਾਇਰੈਕਟਰ ਡੇਅਰੀ ਵਿਕਾਸ ਕਰਨੈਲ ਸਿੰਘ, ਡਾਇਰੈਕਟਰ ਮੱਛੀ ਪਾਲਣ ਰਜਿੰਦਰ ਕੁਮਾਰ ਕਟਾਰੀਆ ਤੋਂ ਇਲਾਵਾ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਿਰ ਸਨ।

## ਜਿੱਤਣ ਪਿੱਛੋਂ ਵੀ ਜਗਰੂਪ ਸਿੰਘ ਗਿੱਲ 'ਸਕੂਟੀਵਾਲਾ ਐਮ ਐਲ ਏ' ਅਖਵਾਉਂਦੈ

* ਨਾ ਉਸ ਨੇ ਕਾਰ ਲਈ ਅਤੇ ਨਾ ਗੰਨਮੈਨ

ਬਠਿੰਡਾ, 28 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਸਾਢੇ 63 ਹਜ਼ਾਰ ਤੋਂ ਵੱਧ ਵੋਟਾਂ ਨਾਲ ਹਾਰ ਦੇਣ ਵਾਲੇ ਜਗਰੂਪ ਸਿੰਘ ਗਿੱਲ ਦੀ ਸਾਦਗੀ ਦੇ ਬਠਿੰਡੇ ਦੇ ਲੋਕ ਕਾਇਲ ਹਨ। ਸ਼ਹਿਰ ਦੀਆਂ ਗਲੀਆਂ ਵਿੱਚ ਉਹ ਹਾਲੇ ਵੀ 'ਸਕੂਟੀ' ਉੱਤੇ ਘੁਮਦੇ ਆਮ ਵੇਖ ਜਾ ਸਕਦੇ ਹਨ, ਜਿਸ ਸਦਕਾ ਉਨ੍ਹਾਂ ਦੇ ਜਾਣਕਾਰ ਉਨ੍ਹਾਂ ਨੂੰ 'ਸਕੂਟੀ ਵਾਲਾ ਐਮ ਐਲ ਏ' ਆਖਿਆ ਕਰਦੇ ਹਨ।

ਪਿਛਲੇ ਕਰੀਬ ਚਾਰ ਦਹਾਕਿਆਂ ਤੋਂ ਬਠਿੰਡਾ ਦੀ ਸਿਆਸਤ ਦਾ ਧੁਰਾ ਬਣ ਕੇ ਘੁੰਮਣ ਵਾਲੇ ਜਗਰੂਪ ਸਿੰਘ ਗਿੱਲ ਨੇ ਵਿਧਾਇਕ ਬਣਨ ਤੋਂ ਬਾਅਦ ਸੁਰੱਖਿਆ ਅਤੇ ਸਰਕਾਰੀ ਗੱਡੀ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਦਾ ਤਰਕ ਹੈ ਕਿ 'ਆਪਣੇ ਉਨ੍ਹਾ ਲੋਕਾਂ ਤੋਂ ਕਾਹਦਾ ਡਰ, ਜਿਨ੍ਹਾਂ ਦੀਆਂ ਵੋਟਾਂ ਲੈਣ ਲਈ ਉਹ ਮਹੀਨਾ ਪਹਿਲਾਂ ਹੱਥ ਬੰਨ੍ਹਦੇ ਰਹੇ ਹਨ।' ਸਾਦਗੀ ਪਸੰਦ ਜਗਰੂਪ ਸਿੰਘਗਿੱਲਚੇਅਰਮੈਨ ਹੁੰਦਿਆਂ ਇਕ ਵਿਆਹ ਉੱਤੇ ਬਠਿੰਡਾ ਸ਼ਹਿਰ ਤੋਂ 15 ਕਿਲੋਮੀਟਰ ਦੂਰ ਸਕੂਟੀ ਉੱਤੇਗਏ ਸਨ। ਨਾ ਲਾਲ ਬੱਤੀ ਵਾਲੀ ਗੱਡੀ ਅਤੇ ਨਾ ਕੋਈ ਗੰਨਮੈਨ ਵੇਖ ਕੇ ਜਦ ਉਨ੍ਹਾਂ ਦੇ ਮਿੱਤਰ ਨੇ ਇਧਰ-ਉਧਰ ਵੇਖਿਆ ਤਾਂ ਉਸਦੀ ਹਾਲਾਤ ਭਾਂਪ ਕੇ ਗਿੱਲ ਨੇ ਬੜੀ ਬੇਬਾਕੀ ਨਾਲ ਉਸ ਨੂੰ ਇਹ ਕਹਿ ਕੇਹੈਰਾਨ ਕਰ ਦਿੱਤਾ ਕਿ 'ਉਸ ਨੇ ਜਗਰੂਪ ਸਿੰਘ ਗਿੱਲ ਨੂੰ ਵਿਆਹ ਉੱਤੇ ਸੱਦਿਆ ਹੈ ਜਾਂ ਚੇਅਰਮੈਨ ਦੀ ਗੱਡੀ ਤੇ ਉਨ੍ਹਾਂ ਦੇ ਗੰਨਮੈਨਾਂ ਨੂੰ।' ਇਹੀ ਹਾਲ ਉਨ੍ਹਾਂ ਦੇ ਵਿਧਾਇਕ ਬਣਨ ਤੋਂ ਬਾਅਦ ਹੈ। ਉਹ ਚੋਣਾਂ ਤੋਂ ਪਹਿਲਾਂ ਪਰਵਾਰ ਵੱਲੋਂ ਜ਼ੋਰ ਦੇਣ ਤੋਂ ਬਾਅਦ ਖਰੀਦੀ ਵੈਗਨਰ ਗੱਡੀ ਸ਼ਹਿਰ ਵਿੱਚ ਲੈ ਜਾਂਦੇ ਹਨ, ਜਿਸ ਨੂੰ ਵੇਖ ਕੇ ਪਹਿਲੀ ਵਾਰ ਉਨ੍ਹਾਂ ਨੂੰ ਮਿਲਣ ਵਾਲੇ ਲੋਕਾ ਨੂੰ ਵਿਧਾਇਕ ਦੇ ਪੁੱਜਣ ਦਾ ਅਹਿਸਾਸ ਵੀ ਨਹੀਂ ਹੁੰਦਾ। ਜਗਰੂਪ ਸਿੰਘ ਗਿੱਲ ਨੇ ਕਿਹਾ ਕਿ ਵੱਡੀ ਕਾਰ ਦੀ ਥਾ ਉਨ੍ਹਾਂ ਦੀ ਸਕੂਟੀ ਸ਼ਹਿਰ ਦੀ ਹਰ ਉਸ ਗਲੀ ਤੇ ਮੁਹੱਲੇ ਵਿੱਚ ਜਾ ਸਕਦੀ ਹੈ, ਜਿੱਥੋਂ ਕੋਈ ਹੋਰ ਚੀਜ਼ ਨਹੀਂ ਟੱਪਦੀ। ਉਨ੍ਹਾਂ ਇਹ ਵੀ ਦੱਸਿਆ ਕਿ ਚੋਣਾਂਦੀ ਨਾਮਜ਼ਦਗੀ ਭਰਨ ਸਮੇਂ ਵੀ ਉਨ੍ਹਾਂ ਨੂੰ ਗੰਨਮੈਨ ਦੇਣ ਲਈ ਕਿਹਾ ਗਿਆ ਸੀ, ਪ੍ਰੰਤੂ ਉਸ ਨੇ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਦਾ ਪ੍ਰਧਾਨ, ਨਗਰ ਸੁਧਾਰ ਟਰੱਸਟ ਤੇ ਜ਼ਿਲ੍ਹਾ ਯੋਜਨਾ ਬੋਰਡ ਦਾ ਚੇਅਰਮੈਨ ਹੁੰਦੇ ਸਮੇਂ ਵੀ ਉਨ੍ਹਾਂ ਸਰਕਾਰੀ ਗੱਡੀ ਤੇ ਗੰਨਮੈਨ ਨਹੀਂ ਲਏ ਸਨ ਤੇ ਅੱਜ ਵੀ ਕੋਈ ਜ਼ਰੂਰਤ ਨਹੀਂ, ਲੋਕ ਹੀ ਉਸ ਦੀ ਤਾਕਤ ਹਨ।




## ਟਰਾਂਸਪੋਰਟ ਮੰਤਰੀ ਭੁੱਲਰ ਵਲੋਂ ਡਿਫ਼ਾਲਟਰ ਬੱਸ ਆਪ੍ਰੇਟਰਾਂ ਨੂੰ ਛੇਤੀ ਤੋਂ ਛੇਤੀ ਟੈਕਸ ਜਮ੍ਹਾਂ ਕਰਾਉਣ ਦੀ ਹਦਾਇਤ

*ਅਧਿਕਾਰੀਆਂ ਨੂੰ ਨਵੇਂ ਪਰਮਿਟ ਪੂਰਨ ਪਾਰਦਰਸ਼ਤਾ ਅਤੇ ਨੀਤੀ ਮੁਤਾਬਕ ਜਾਰੀ ਕਰਨ ਦੇ ਨਿਰਦੇਸ਼

ਚੰਡੀਗੜ, 28 ਮਾਰਚ (ਗਿਆਨ ਸਿੰਘ ) ਪੰਜਾਬ ਦੇ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਸੂਬੇ ਦੇ ਟੈਕਸ ਡਿਫ਼ਾਲਟਰ ਬੱਸ ਆਪ੍ਰੇਟਰਾਂ ਨੂੰ ਛੇਤੀ ਤੋਂ ਛੇਤੀ ਟੈਕਸ ਜਮਾਂ ਕਰਾਉਣ ਦੀ ਹਦਾਇਤ ਕਰਦਿਆਂ ਕਿਹਾ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨਵੀਂ ਬੱਸ ਸਮਾਂ ਸਾਰਣੀ ਵਿੱਚ ਉਨਾਂ ਨੂੰ ਸ਼ਾਮਲ ਨਹੀਂ ਕੀਤਾ ਜਾਵੇਗਾ ਅਤੇ ਉਨਾਂ ਦਾ ਪਰਮਿਟ ਰੱਦ ਕਰ ਦਿੱਤਾ ਜਾਵੇਗਾ।



ਪੰਜਾਬ ਸਿਵਲ ਸਕੱਤਰੇਤ ਵਿਖੇ ਟਰਾਂਸਪੋਰਟ ਵਿਭਾਗ ਦੀ ਸਮੀਖਿਆ ਮੀਟਿੰਗ ਦੌਰਾਨ ਸ. ਭੁੱਲਰ ਨੇ ਉੱਚ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਭਾਗ ਦੀ ਆਮਦਨ ਵਧਾਉਣ ਵੱਲ ਖ਼ਾਸ ਤਵੱਜੋ ਦਿੱਤੀ ਜਾਵੇ ਤਾਂ ਜੋ ਪੀ.ਆਰ.ਟੀ.ਸੀ., ਪੰਜਾਬ ਰੋਡਵੇਜ਼ ਅਤੇ ਪਨਬੱਸ ਨੂੰ ਮੁੜ ਬੁਲੰਦੀਆਂ 'ਤੇ ਪਹੁੰਚਾਇਆ ਜਾ ਸਕੇ।

ਟਰਾਂਸਪੋਰਟ ਵਿਭਾਗ ਦੇ ਕੰਮਕਾਜ ਵਿੱਚ ਹੋਰ ਪਾਰਦਰਸ਼ਤਾ ਲਿਆਉਣ ਅਤੇ ਲੋਕਾਂ ਨੂੰ ਸੇਵਾਵਾਂ ਸਮਾਂਬੱਧ ਤਰੀਕੇ ਨਾਲ ਦੇਣ ਦੇ ਮੰਤਵ ਹਿੱਤ ਅਧਿਕਾਰੀਆਂ ਤੇ ਮੁਲਾਜ਼ਮਾਂ ਦੀ ਦਫ਼ਤਰਾਂ ਵਿੱਚ ਹਾਜ਼ਰੀ ਯਕੀਨੀ ਬਣਾਉਣ ਲਈ ਟਰਾਂਸਪੋਰਟ ਮੰਤਰੀ ਨੇ ਵਿਭਾਗ ਵਿੱਚ ਬਾਇਓਮੀਟਕ ਹਾਜ਼ਰੀ ਨੂੰ ਯਕੀਨੀ ਬਣਾਉਣ ਲਈ ਕਿਹਾ। ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਭਾਗ ਵੱਲੋਂ ਆਮ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਨੂੰ ਸਮਾਂਬੱਧ ਢੰਗ ਨਾਲ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਸ. ਭੁੱਲਰ ਨੇ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਕੀਤੀ ਕਿ ਪੰਜਾਬ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਤਰਜੀਹੀ ਤੌਰ 'ਤੇ ਬੱਸ ਪਰਮਿਟ ਜਾਰੀ ਕੀਤੇ ਜਾਣ ਅਤੇ ਇਸ ਪ੍ਰਕਿ-ਰਆ ਦੌਰਾਨ ਮੁਕੰਮਲ ਪਾਰਦਰਸ਼ਤਾ ਵਰਤੀ ਜਾਵੇ ਤੇ ਇਹ ਕਾਰਜ ਸਬੰਧਤ ਨੀਤੀ ਤਹਿਤ ਨੇਪਰੇ ਚਾੜਿਆ ਜਾਵੇ। ਇਸ ਦੇ ਨਾਲ ਹੀ ਟਰਾਂਸਪੋਰਟ ਮੰਤਰੀ ਨੇ ਪਰਮਿਟ ਰੂਟਾਂ ਵਿੱਚ ਨਾਜਾਇਜ਼ ਵਾਧਾ ਕਰਕੇ ਬੱਸਾਂ ਚਲਾਉਣ ਜਿਹੇ ਮਾਮਲਿਆਂ ਦੀ ਡੂੰਘਾਈ ਨਾਲ ਜਾਂਚ ਕਰਨ ਦੇ ਨਿਰਦੇਸ਼ ਦਿੱਤੇ। ਉਨਾਂ ਸਰਕਾਰੀ ਤੇ ਪ੍ਰਾਈਵੇਟ ਬੱਸਾਂ ਦਾ ਬੱਸ ਅੱਡੇ ਦੇ ਅੰਦਰੋਂ ਹੋ ਕੇ ਜਾਣਾ ਯਕੀਨੀ ਬਣਾਉਣ ਦੀ ਹਦਾਇਤ ਕਰਦਿਆਂ ਕਿਹਾ ਕਿ ਉਲੰਘਣਾ ਕਰਨ ਵਾਲੇ ਮੁਲਾਜ਼ਮਾਂ ਵਿਰੁੱਧ ਸਖ਼ਤ ਵਿਭਾਗੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਤੀਰਥ ਅਸਥਾਨਾਂ 'ਤੇ ਜਾਣ ਦੇ ਚਾਹਵਾਨ ਲੋਕਾਂ ਦੀ ਇੱਛਾ ਪੂਰੀ ਕਰਦਿਆਂ ਸ. ਲਾਲਜੀਤ ਸਿੰਘ ਭੁੱਲਰ ਨੇ ਪ੍ਰਮੁੱਖ ਸਕੱਤਰ ਸ੍ਰੀ ਕੇ. ਸਿਵਾ ਪ੍ਰਸਾਦ ਨੂੰ ਖ਼ਾਸ ਤੌਰ 'ਤੇ ਪੱਟੀ-ਮਾਤਾ ਚਿੰਤਪੁਰਨੀ-ਜਵਾਲਾ ਜੀ ਤੱਕ ਬੱਸ ਚਲਾਉਣ ਲਈ ਕਿਹਾ।

ਮੀਟਿੰਗ ਦੌਰਾਨ ਟਰਾਂਸਪੋਰਟ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਕੇ. ਸਿਵਾ ਪ੍ਰਸਾਦ, ਸਟੇਟ ਟਰਾਂਸਪੋਰਟ ਕਮਿਸ਼ਨਰ ਸ੍ਰੀ ਵਿਮਲ ਕੁਮਾਰ ਸੇਤੀਆ, ਡਾਇਰੈਕਟਰ ਟਰਾਂਸਪੋਰਟ-ਕਮ-ਐਮ.ਡੀ. ਪਨਬੱਸ ਸ੍ਰੀਮਤੀ ਅਮਨਦੀਪ ਕੌਰ ਅਤੇ ਐਮ.ਡੀ., ਪੀ.ਆਰ.ਟੀ.ਸੀ. ਸ੍ਰੀਮਤੀ ਪਰਨੀਤ ਸ਼ੇਰਗਿੱਲ, ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ ਸ੍ਰੀ ਅਮਰਬੀਰ ਸਿੰਘ ਸਿੱਧੂ ਤੇ ਹੋਰ ਅਧਿਕਾਰੀ ਹਾਜ਼ਰ ਸਨ।

### ਕੋਰੋਨਾ ਦੌਰਾਨ ਵੀ ਪੰਛੀਆਂ ਦੇ ਜਹਾਜ਼ਾਂ ਨੂੰ ਟਕਰਾਉਣ ਦੀਆਂ ਘਟਨਾਵਾਂ ਵਿੱਚ ਵਾਧਾ

ਨਵੀਂ ਦਿੱਲੀ, 28 ਮਾਰਚ (ਪੋਸਟ ਬਿਊਰੋ)- ਭਾਰਤ ਵਿੱਚ ਪਿਛਲੇ ਸਾਲ ਕੋਰੋਨਾ ਵਾਇਰਸ ਕਾਰਨ ਉਡਾਣਾਂ ਦੀ ਗਿਣਤੀ ਸੀਮਤ ਹੋਣ ਦੇ ਬਾਵਜੂਦ ਭਾਰਤੀ ਹਵਾਈ ਅੱਡਿਆਂ ਉਤੇ ਪੰਛੀਆਂ ਦੇ ਜਹਾਜ਼ਾਂ ਨਾਲ ਟਕਰਾਉਣ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ, ਜਿਸ ਤੋਂ ਹਰ ਕੋਈ ਹੈਰਾਨ ਹੈ। ਜਹਾਜ਼ ਚਲਾਉਣ ਦੇ ਖੇਤਰ ਵਿੱਚ ਜਾਨਵਰਾਂ ਤੇ ਪੰਛੀਆਂ ਦੀ ਟੱਕਰ ਨੂੰ ਗੰਭੀਰ ਖ਼ਤਰਾ ਮੰਨਿਆ ਜਾਂਦਾ ਹੈ। ਅਗਸਤ 2019 ਵਿੱਚ ਸਮੁੰਦਰੀ ਪੰਛੀਆਂ ਦਾ ਇੱਕ ਝੁੰਡ ਯੂਰਾਲ ਏਅਰਲਾਈਨਜ਼ ਦੇ ਮਾਸਕੋ-ਸਿਮਫ਼ੇਰੋਪੋਲ ਜਹਾਜ਼ ਨਾਲ ਟਕਰਾ ਜਾਣ ਮਗਰੋਂ ਜਹਾਜ਼ ਨੇ ਖੇਤਾਂ ਵਿੱਚ ਐਮਰਜੈਂਸੀ ਲੈਂਡਿੰਗ ਕੀਤੀ, ਜਿਸ ਨਾਲ 74 ਯਾਤਰੀ ਜ਼ਖ਼ਮੀ ਹੋਏ ਸਨ। ਹਵਾਬਾਜ਼ੀ ਰੈਗੂਲੇਟਰ ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਐਵੀਏਸ਼ਨ (ਡੀ ਜੀ ਸੀ ਏ) ਦੇ ਅੰਕੜਿਆਂ ਅਨੁਸਾਰ ਸਾਲ 2020 ਦੇ ਮੁਕਾਬਲੇ 2021 ਵਿੱਚ ਦੇਸ਼ ਦੇ ਹਵਾਈ ਅੱਡਿਆਂ ਉੱਤੇ ਪੰਛੀਆਂ ਨਾਲ ਟੱਕਰ ਹੋਣ ਦੀਆਂ 1466 ਘਟਨਾਵਾਂ (27.25 ਫ਼ੀਸਦੀ ਦਾ ਵਾਧਾ) ਅਤੇ ਜਾਨਵਰਾਂ ਦੀ ਟੱਕਰ ਦੀਆਂ 29 ਘਟਨਾਵਾਂ (93.33 ਫ਼ੀਸਦੀ ਵਾਧਾ) ਹੋਇਆ।

# ਆਂਧਰਾ ਪ੍ਰਦੇਸ਼ ਵਿੱਚ ਬੱਸ ਖੱਡ ਵਿੱਚ ਡਿੱਗੀ, ਅੱਠ ਮੌਤਾਂ, 45 ਜ਼ਖ਼ਮੀ

ਚਿੱਤੂਰ, 28 ਮਾਰਚ (ਪੋਸਟ ਬਿਊਰੋ)- ਆਂਧਰਾ ਪ੍ਰਦੇਸ਼ ਦੇ ਚਿੱਤੂਰ ਜ਼ਿਲ੍ਹੇ ਵਿੱਚ ਸੜਕ ਹਾਦਸੇ ਵਿੱਚ ਘੱਟੋ-ਘੱਟ ਅੱਠ ਲੋਕਾਂ ਦੀ ਮੌਤ ਹੋ ਗਈ ਅਤੇ 45 ਹੋਰ ਜ਼ਖ਼ਮੀ ਹੋ ਗਏ। ਪੁਲਸ ਮੁਤਾਬਕ ਹਾਦਸੇ ਦਾ ਕਾਰਨ ਡਰਾਈਵਰ ਦੀ ਲਾਪਰਵਾਹੀ ਨੂੰ ਮੰਨਿਆ ਜਾ ਰਿਹਾ ਹੈ। ਜ਼ਖ਼ਮੀਆਂ ਨੂੰ ਇਲਾਜ ਲਈ ਨੇੜੇ ਦੇ ਹਸਪਤਾਲਦਾਖ਼ਲ ਕਰਵਾਇਆ ਗਿਆ ਹੈ।



ਇਹ ਹਾਦਸਾ ਕੱਲ੍ਹ ਰਾਤ ਦਾ ਹੈ। ਯਾਤਰੀ ਜਿਸ ਨਿੱਜੀ ਬੱਸ ਵਿੱਚ ਯਾਤਰਾ ਕਰ ਰਹੇ ਸਨ, ਉਹ ਭਾਕਰਪੇਟ ਕੋਲ ਘਾਟ ਰੋਡ ਉੱਤੇ ਇੱਕ ਮੋੜ ਤੋਂ ਲੰਘਦੇ ਸਮੇਂ ਖੱਡ ਵਿੱਚ ਡਿੱਗ ਗਈ। ਹਾਦਸੇ ਦਾ ਸ਼ਿਕਾਰ ਸਾਰੇ ਲੋਕ ਅਨੰਤਪੁਰਮ ਜ਼ਿਲ੍ਹੇ ਦੇ ਵਸਨੀਕ ਸਨ ਅਤੇ ਇਕ ਵਿਆਹ ਵਿੱਚ ਸ਼ਾਮਲ ਹੋਣ ਜਾ ਰਹੇ ਸਨ। ਪੁਲਸ ਅਧਿਕਾਰੀ ਨੇ ਦੱਸਿਆ ਕਿ ਬੱਸ ਦੀ ਤੇਜ਼ ਰਫ਼ਤਾਰ ਕਾਰਨ ਹਾਦਸਾ ਵਾਪਰਿਆ ਅਤੇ ਹਨ੍ਹੇਰੇ ਕਾਰਨ ਬਚਾਅ ਮੁਹਿੰਮ ਵਿੱਚ ਕਾਫੀ ਸਮਾਂ ਲੱਗਾ। ਜ਼ਖ਼ਮੀਆਂ ਨੂੰ ਰੱਸੀਆਂ ਦੀ ਮਦਦ ਨਾਲ ਬਾਹਰ ਕੱਢਿਆ ਅਤੇ ਉਨ੍ਹਾਂ ਨੂੰ ਤਿਰੂਪਤੀ ਦੇ ਆਰ ਯੂ ਆਈ ਏ ਹਸਪਤਾਲਦਾਖ਼ਲ ਕਰਵਾਇਆ ਗਿਆ। ਬਾਅਦ ਵਿੱਚ ਲਾਸ਼ਾਂ ਨੂੰ ਹਾਦਸੇ ਵਾਲੀ ਥਾਂ ਤੋਂ ਬਾਹਰ ਕੱਢਿਆ ਗਿਆ।



# ਕਰਨਾਟਕ ਦੇ ਮੰਤਰੀ ਨੇ ਕਿਹਾ: ਬਿਨਾਂ ਹਿਜਾਬ ਪ੍ਰੀਖਿਆ ਦੇਣੀ ਪਵੇਗੀ

ਬਾਗਲਕੋਟ, 28 ਮਾਰਚ (ਪੋਸਟ ਬਿਊਰੋ)- ਕਰਨਾਟਕ ਦੇ ਪ੍ਰਾਇਮਰੀ ਤੇ ਸੈਕੰਡਰੀਸਿੱਖਿਆ ਮੰਤਰੀ ਬੀ ਸੀ ਨਾਗੇਸ਼ ਨੇ ਕੱਲ੍ਹ ਕਿਹਾ ਹੈ ਕਿ 10ਵੀਂ ਦੀ ਬੋਰਡ ਪ੍ਰੀਖਿਆ ਮੌਕੇ ਹਿਜਾਬ ਪਹਿਨਣ ਦੀ ਇਜਾਜ਼ਤ ਨਹੀਂ ਮਿਲੇਗੀ।

ਵਰਨਣ ਯੋਗ ਹੈ ਕਿ ਕਰਨਾਟਕਾ ਦੇ ਸਿੱਖਿਆ ਬੋਰਡ ਦੀ ਪ੍ਰੀਖਿਆ ਅੱਜ ਸ਼ੁਰੂ ਹੋ ਕੇ 11 ਅਪ੍ਰੈਲ ਤੱਕ ਚੱਲੇਗੀ, ਜਿਸ ਵਿੱਚ 8.76 ਲੱਖ ਵਿਦਿਆਰਥੀ ਸ਼ਾਮਲ ਹੋਣਗੇ। ਪ੍ਰੀਖਿਆ ਲਈ 3440 ਕੇਂਦਰ ਬਣਾਏ ਗਏ ਅਤੇ ਚਾਲੀ ਹਜ਼ਾਰ ਤੋਂ ਵੱਧ ਕਲਾਸਾਂ ਵਿੱਚ ਪ੍ਰੀਖਿਆ ਲਈ ਜਾਵੇਗੀ।ਬੀ ਸੀ ਨਾਗੇਸ਼ ਨੇ ਕਿਹਾ ਕਿ ਹਾਈ ਕੋਰਟ ਦੇ ਹੁਕਮ ਪਿੱਛੋਂ ਅਸੀਂ ਹਿਜਾਬ ਪਾਉਣ ਦੀ ਇਜਾਜ਼ਤ ਨਹੀਂ ਦੇ ਰਹੇ, ਅਸੀਂ ਪਹਿਲਾਂ ਹੀ ਸਾਫ ਕਰ ਦਿੱਤਾ ਹੈ ਕਿ ਵਿਦਿਆਰਥਣਾਂ ਸਕੂਲ ਕੰਪਲੈਕਸ ਵਿੱਚ ਹਿਜਾਬ ਪਾ ਕੇ ਆ ਸਕਦੀਆਂ ਹਨ, ਪਰ ਕਲਾਸ ਵਿੱਚ ਨਹੀਂ ਪਹਿਨ ਸਕਦੀਆਂ। ਪ੍ਰੀਖਿਆ ਦੌਰਾਨ ਵੀ



ਇਹੀ ਸ਼ਰਤ ਲਾਗੂ ਹੋਵੇਗੀ। ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਪ੍ਰੀਖਿਆ ਛੱਡਣ ਵਾਲਿਆਂ ਨੂੰ ਫਿਰ ਮੌਕਾ ਨਹੀਂ ਦਿੱਤਾ ਜਾਵੇਗਾ।

ਇੱਕ ਸਵਾਲਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਵਕੀਲਾਂ ਨੇ ਹਾਈ ਕੋਰਟ ਦੇ ਬੈਂਚ ਅੱਗੇ ਹਿਜਾਬ ਬਾਰੇ ਦਲੀਲਾਂ ਰੱਖੀਆਂ ਸਨ, ਜਿਸ ਪਿੱਛੋਂ ਇਹ ਫੈਸਲਾ ਆਇਆ ਸੀ। ਪਟੀਸ਼ਨ ਵਿੱਚ ਕਾਲਜ ਵਿਕਾਸ ਕਮੇਟੀ ਦੇ ਅਧਿਕਾਰਾਂ ਨੂੰ ਵੀ ਚੁਣੌਤੀ ਦਿੱਤੀ ਗਈ ਸੀ, ਜਿਸ ਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਹਾਈ ਕੋਰਟ ਨੇ ਆਪਣੇ ਫੈਸਲੇ ਵਿੱਚ ਹਿਜਾਬ ਨੂੰ ਇਸਲਾਮ ਦਾ ਜ਼ਰੂਰੀ ਹਿੱਸਾ ਨਹੀਂ ਮੰਨਿਆ ਅਤੇ ਸਕੂਲ-ਕਾਲਜ ਵਿੱਚ ਹਿਜਾਬ ਉੱਤੇ ਪਾਬੰਦੀ ਬਾਰੇ ਸੂਬਾ ਸਰਕਾਰ ਦਾ ਫੈਸਲਾ ਕਾਇਮ ਰੱਖਿਆ ਸੀ। ਸੁਪਰੀਮ ਕੋਰਟ ਨੇ ਵੀ ਸਾਫ ਕਿਹਾ ਹੈ ਕਿ ਪ੍ਰੀਖਿਆ ਨਾਲ ਹਿਜਾਬ ਦਾ ਕੋਈ ਸਬੰਧ ਨਹੀਂ ਤੇ ਸਹੀ ਸਮੇਂਸੁਣਵਾਈ ਕਰਨ ਦੀ ਗੱਲ ਕਹੀ ਸੀ।

# ਯੂਕਰੇਨ ਦੇ ਦੋ ਟੁਕੜੇ ਕਰਨਾ ਚਾਹੁੰਦੈ ਰੂਸ!



ਕੀਵ, 28 ਮਾਰਚ (ਪੋਸਟ ਬਿਊਰੋ)- ਰੂਸ ਦੇ ਹਮਲਿਆਂ ਵਿੱਚ ਯੂਕਰੇਨ ਸਰਕਾਰ ਦਾਅਹਿਮ ਬਿਆਨ ਆਇਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਯੂਕਰੇਨ ਨੂੰ ਰੂਸ ਤੋੜਨਾ ਚਾਹੁੰਦਾ ਹੈ ਅਤੇ ਕਬਜ਼ਾ ਕਰ ਕੇ ਆਪਣੀ ਪਸੰਦ ਦੀ ਸਰਕਾਰ ਬਣਾਉਣੀ ਚਾਹੁੰਦਾ ਹੈ। ਅਜਿਹੀ ਕੋਸ਼ਿਸ਼ ਨੂੰ ਨਾਕਾਮ ਕਰਨ ਲਈ ਰਾਸ਼ਟਰਪਤੀ ਵਲਾਦੀਮੀਰ ਜੇਲੇਂਸਕੀ ਨੇ ਤਲਖ ਅੰਦਾਜ ਵਿੱਚ ਪੱਛਮੀ ਦੇਸ਼ਾਂ ਤੋਂ ਲੜਨ ਲਈ ਲੜਾਕੂ ਜਹਾਜ਼ਾਂ, ਟੈਂਕਾਂ ਅਤੇ ਮਿਜ਼ਾਈਲਾਂ ਦੀ ਮੰਗ ਕੀਤੀ ਹੈ, ਜਦ ਕਿ ਰੂਸੀ ਫੌਜ ਨੂੰ ਰੋਕਣ ਲਈ ਯੂਕਰੇਨ ਦੇ ਖੁਫੀਆ ਮੁਖੀ ਕਿਰਿਲੋ ਬੁਡਾਨੋਵ ਨੇ ਗੁਰੀਲਾ ਯੁੱਧ ਛੇੜਨ ਦੇ ਸੰਕੇਤ ਦਿੱਤੇ ਹਨ।

ਵਰਨਣ ਯੋਗ ਹੈ ਕਿ ਯੂਕਰੇਨ ਵੱਲੋਂ ਇਹ ਬਿਆਨ ਪੂਰਬੀ ਯੂਕਰੇਨ ਦੇ ਲੁਹਾਂਸਕ ਖਤੇਰ ਦੇ ਰੂਸ ਵਿੱਚ ਮਿਲਣ ਦੇ ਲਈ ਜਨਮਤ ਸੰਗ੍ਰਹਿ ਕਰਾਉਣ ਦੇ ਸੰਕੇਤ ਦੇ ਬਾਅਦ ਆਇਆ ਹੈ। ਰੂਸ ਨੇ ਏਦਾਂ ਦੀ ਪ੍ਰਕਿਰਿਆ ਨਾਲ 2014 ਵਿੱਚ ਯੂਕਰੇਨ ਦਾ ਹਿੱਸਾ ਰਹੇ ਕ੍ਰੀਮੀਆ ਨੂੰ ਆਪਣੇ ਵਿੱਚ ਮਿਲਾ ਲਿਆ ਸੀ। ਦੂਸਰੇ ਪਾਸੇ ਰਾਸ਼ਟਰਪਤੀ ਜੋਅ ਬਾਇਡੇਨ ਵੱਲੋਂ ਪੋਲੈਂਡ ਵਿੱਚ ਦਿੱਤੇ ਬਿਆਨ ਉਤੇ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਸਫਾਈ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਅਮਰੀਕਾ ਰੂਸ ਵਿੱਚ ਸੱਤਾ ਪਰਿਵਰਤਨ ਲਈ ਕੋਸ਼ਿਸ਼ ਨਹੀਂ ਕਰਦਾ। ਜੋਅ ਬਾਇਡੇਨ ਨੇ ਕਿਹਾ ਸੀ ਕਿ ਜੇ ਭਗਵਾਨ ਨੇ ਚਾਹਿਆ ਤਾਂ ਇਹ ਰਾਸ਼ਟਰਪਤੀ ਪੁਤਿਨ ਸੱਤਾ ਵਿੱਚ ਨਹੀਂ ਰਹੇਗਾ। ਬਾਇਡੇਨ ਨੇ ਇਹ ਗੱਲ ਯੂਕਰੇਨ ਸ਼ਰਨਾਰਥੀਆਂ ਨਾਲ ਮੁਲਾਕਾਤ ਦੇ ਬਾਅਦ ਕਹੀ ਸੀ। ਓਧਰ ਯੂਕਰੇਨ ਦੇ ਖਾਰਕੀਵ ਸ਼ਹਿਰ ਵਿੱਚ ਐਟਮੀ ਪਲਾਂਟ ਉਤੇ ਰੂਸੀ ਫੌਜ ਨੇ ਫਿਰ ਤੋਂ ਗੋਲੀਬਾਰੀ ਕੀਤੀ ਹੈ। ਯੂਕਰੇਨ ਜੰਗ ਦੌਰਾਨ ਫੌਜੀ ਟਕਰਾਅ ਵਿੱਚ ਫਸ ਕੇ ਅਜੇ ਤਕ ਵੱਖ-ਵੱਖ ਦੇਸ਼ਾਂ ਦੇ 12 ਪੱਤਰਕਾਰ ਮਾਰੇ ਜਾ ਚੁੱਕੇ ਹਨ। ਇਸ ਦੌਰਾਨ ਰੂਸ ਅਤੇ ਯੂਕਰੇਨ ਦੀ ਫਿਰ ਗੱਲਬਾਤ ਸ਼ੁਰੂ ਹੋਣ ਉਤੇ ਸਹਿਮਤੀ ਬਣਨ ਦੀ ਖਬਰ ਹੈ।

## ਕਸ਼ਮੀਰ ਫਾਈਲਜ਼ ਫਿਲਮ ਮੁੱਦਾ: ਅਨੁਪਮ ਖੇਰ ਵੱਲੋਂ ਕੇਜਰੀਵਾਲ ਦੀ ਆਲੋਚਨਾ

ਨਵੀਂ ਦਿੱਲੀ, 28 ਮਾਰਚ (ਪੋਸਟ ਬਿਊਰੋ)- ਬਾਲੀਵੁੱਡ ਅਦਾਕਾਰ ਅਨੁਪਮ ਖੇਰ ਨੇ 'ਦਿ ਕਸ਼ਮੀਰ ਫਾਈਲਜ਼' ਉੱਤੇ ਕੀਤੀ ਟਿੱਪਣੀ ਲਈ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਚੋਖੀ ਆਲੋਚਨਾ ਕੀਤੀ ਹੈ। ਅਰਵਿੰਦ ਕੇਜਰੀਵਾਲ ਦੇ ਬਿਆਨਾਂ ਨੂੰ 'ਕੱਚਾ ਅਤੇ ਗੈਰ ਸੰਵੇਦਨਸ਼ੀਲ' ਕਰਾਰ ਦਿੰਦਿਆਂ ਅਨੁਪਮ ਖੇਰ ਨੇ ਕਿਹਾ ਕਿ ਮੁੱਖ ਮੰਤਰੀ ਕੇਜਰੀਵਾਲ ਰਾਜ ਵਿਧਾਨ ਸਭਾ ਵਿੱਚ 'ਸਟੈਂਡਅਪ ਕਾਮੇਡੀਅਨ ਦਾ ਕੰਮ' ਕਰਦੇ ਹਨ।

ਇੱਕ ਇੰਟਰਵਿਊ ਦੌਰਾਨਅਨੁਪਮ ਖੇਰ ਨੇ ਕਿਹਾ, ''ਕੇਜਰੀਵਾਲ ਦੇ ਬਿਆਨ ਤੋਂ ਮੈਨੂੰ ਲੱਗਦਾ ਹੈ ਕਿ ਹਰ ਸੱਚੇ ਭਾਰਤੀ ਨੂੰ ਥੀਏਟਰ ਵਿੱਚ ਜਾ ਕੇ ਇਹ ਫਿਲਮ ਦੇਖਣੀ ਚਾਹੀਦੀ ਹੈ।''ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਕਸ਼ਮੀਰੀ ਹਿੰਦੂਆਂ ਨਾਲ ਹੋਏ ਮਾੜੇ ਵਿਹਾਰ ਬਾਰੇ ਨਹੀਂ ਸੋਚਿਆ, ਜਿਨ੍ਹਾਂ ਨੂੰ ਆਪਣੇ ਘਰ ਛੱਡਣੇ ਪਏ। ਇਸ ਦੇ ਉਲਟ ਪਿੱਛੇ ਬੈਠੇ ਲੋਕ ਹੱਸ ਰਹੇ ਸਨ। ਖੇਰ ਨੇ ਕਿਹਾ ਕਿ ਜੇ ਕੇਜਰੀਵਾਲ ਦਾ ਪ੍ਰਧਾਨ ਮੰਤਰੀ ਮੋਦੀ ਜਾਂ ਭਾਜਪਾ ਨਾਲ ਸਿਆਸੀ ਟਕਰਾਅ ਹੈ ਤਾਂ ਉਨ੍ਹਾਂ ਨੂੰ ਇਸ ਬਾਰੇ ਬੋਲਣਾ ਚਾਹੀਦਾ ਸੀ, ਪਰ ਇਹ ਕਹਿਣਾ ਕਿ ਇਹ ਪ੍ਰਾਪੇਗੰਡਾ ਫਿਲਮ ਹੈ, ਸ਼ਰਮਨਾਕ ਸੀ। ਖੇਰ ਨੇ ਕਿਹਾ ਕਿ ਰਾਜਧਾਨੀ ਵਿੱਚ ਫਿਲਮ ਨੂੰ ਟੈਕਸ ਮੁਕਤ ਨਹੀਂ ਕੀਤਾ ਗਿਆ। ਕੇਜਰੀਵਾਲ ਦਾ ਬਿਆਨ ਪਿਛਲੇ 32 ਸਾਲਾਂ ਤੋਂ ਦੁਖੀ ਲੋਕਾਂ ਦੇ ਜ਼ਖਮਾਂ ਉੱਤੇ ਲੂਣ ਛਿੜਕਣ ਵਾਂਗ ਹੈ। ਇਸੇ ਦੌਰਾਨ ਵਰਲਡ ਕਸ਼ਮੀਰੀ ਪੰਡਤ ਡਾਇਸਪੋਰਾ (ਜੀ ਕੇ ਡੀ ਪੀ) ਨੇ ਵੀ ਕੇਜਰੀਵਾਲ ਦੀ ਤਾਜ਼ਾ ਟਿੱਪਣੀ ਉੱਤੇ ਇਤਰਾਜ਼ ਪ੍ਰਗਟਾਇਆ ਹੈ।

## ਮੈਂ ਰਾਸ਼ਟਰਪਤੀ ਬਣਨਾ ਕਦੇ ਵੀ ਪ੍ਰਵਾਨ ਨਹੀਂ ਕਰਾਂਗੀ: ਮਾਇਆਵਤੀ

ਲਖਨਊ, 28 ਮਾਰਚ (ਪੋਸਟ ਬਿਊਰੋ)- ਬਹੁਜਨ ਸਮਾਜ ਪਾਰਟੀ ਦੀ ਮੁੱਖੀ ਮਾਇਆਵਤੀ ਨੇ ਇਹ ਦੋਸ਼ ਲਾਇਆ ਹੈ ਕਿ ਭਾਜਪਾ ਅਤੇ ਆਰ ਐਸ ਐਸ ਨੇ ਮੇਰੇ ਹਮਾਇਤੀਆਂ ਨੂੰ ਗੁੰਮਰਾਹ ਕਰਨ ਲਈ ਇਹ ਝੂਠਾ ਪ੍ਰਚਾਰ ਕੀਤਾ ਸੀ ਕਿ ਯੂ ਪੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਭਾਜਪਾ ਨੂੰ ਜਿੱਤਣ ਦਿੱਤਾ ਤਾਂ ਭੈਣ ਜੀ ਨੂੰ ਰਾਸ਼ਟਰਪਤੀ ਬਣਾਉਣਗੇ।



ਉਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਸਾਫ ਕਿਹਾ ਕਿ ਮੈਂ ਕਿਸੇ ਪਾਰਟੀ ਵੱਲੋਂ ਆਈਏਦਾਂ ਦੀ ਪੇਸ਼ਕਸ਼ ਨੂੰ ਪ੍ਰਵਾਨ ਨਹੀਂ ਕਰਾਂਗੀ। ਆਪਣੀ ਪਾਰਟੀ ਦੀ ਅਸੰਬਲੀ ਚੋਣਾਂ ਵਿੱਚ ਹਾਰ ਪਿੱਛੋਂ ਪਹਿਲੀ ਵਾਰ ਮਾਇਆਵਤੀ ਇੱਥੇ ਪਾਰਟੀ ਦੇ ਅਹੁਦੇਦਾਰਾਂ, ਵਰਕਰਾਂ ਤੇ ਸਾਬਕਾ ਉਮੀਦਵਾਰਾਂ ਦੀ ਸਮੀਖਿਆ ਬੈਠਕ ਵਿੱਚ ਬੋਲ ਰਹੀ ਸੀ। ਉਸ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਵਿੱਚ ਬਸਪਾ ਨੂੰ ਕਮਜ਼ੋਰ ਕਰਨ ਲਈ ਭਾਜਪਾ ਨੇ ਸੋਚੀ ਸਮਝੀ ਸਾਜ਼ਿਸ਼ ਹੇਠ ਕੰਮ ਕੀਤਾ ਸੀ, ਪਰ ਮੇਰੇ ਲਈ ਰਾਸ਼ਟਰਪਤੀ ਬਣਨਾ ਤਾਂ ਬਹੁਤ ਦੂਰ ਦੀ ਗੱਲ ਹੈ, ਮੈਂ ਇਸ ਬਾਰੇ ਸੁਫਨੇ ਵਿੱਚ ਵੀ ਨਹੀਂ ਸੋਚਦੀ।

ਮਾਇਆਵਤੀ ਨੇ ਕਿਹਾ ਕਿ ਸਭ ਨੂੰ ਪਤਾ ਹੈ ਕਿ 'ਬਹੁਤ ਸਾਲ ਪਹਿਲਾਂ ਕਾਂਸ਼ੀ ਰਾਮ ਨੇ ਇਹ ਪੇਸ਼ਕਸ਼ ਠੁਕਰਾਈ ਸੀ। ਮੈਂ ਤਾਂ ਕਾਂਸ਼ੀ ਰਾਮ ਦੇ ਪਾਏ ਪੂਰਨਿਆਂ ਉੱਤੇ ਚੱਲਣ ਵਾਲੀ ਉਨ੍ਹਾਂ ਦੀ ਮਜ਼ਬੂਤ ਪੈਰੋਕਾਰ ਹਾਂ। ਮੇਰਾ ਜੀਵਨ ਸੰਘਰਸ਼ ਹੈ, ਜ਼ਿੰਦਗੀ ਦਾ ਇੱਕ-ਇੱਕ ਪਲ ਪੂਰੇ ਦੇਸ਼ ਵਿੱਚ ਪਾਰਟੀ ਨੂੰ ਹਰ ਪੱਧਰ ਉੱਤੇ ਮਜ਼ਬੂਤ ਬਣਾਉਣ ਉੱਤੇ ਲੱਗੇਗਾ।'

### 2023 ਤੋਂ ਭਾਰਤ ਵੱਲੋਂ ਇੱਕੋ ਵੇਲੇ 10 ਐਟਮੀ ਊਰਜਾ ਪਲਾਂਟਾਂ ਦਾ ਕੰਮ ਸ਼ੁਰੂ ਹੋਵੇਗਾ

ਨਵੀਂ ਦਿੱਲੀ, 28 ਮਾਰਚ (ਪੋਸਟ ਬਿਊਰੋ)- ਕਰਨਾਟਕ ਦੇ ਕਾਇਗਾ ਵਿਖੇ 2023 ਵਿੱਚ 700 ਮੈਗਾਵਾਟ ਦੇ ਐਟਮੀ ਊਰਜਾ ਪਲਾਂਟ ਲਈ ਨੀਂਹ ਰੱਖਣ ਦੇ ਨਾਲ ਭਾਰਤ ਅਗਲੇ ਤਿੰਨ ਸਾਲਾਂ ਵਿੱਚ ਪਲਾਂਟ ਮੋਡ ਵਿਖੇ ਇੱਕੋ ਵੇਲੇ 10 ਐਟਮੀਰਿਐਕਟਰਾਂ ਬਣਾਉਣ ਦੇ ਕੰਮ ਨੂੰ ਰਫ਼ਤਾਰ ਦੇਣ ਲਈ ਤਿਆਰ ਹੈ।

ਮੀਂਹ ਲਈ ਕੰਕਰੀਟ ਰੱਖਣ ਨਾਲ ਐਟਮੀਊਰਜਾ ਰਿਐਕਟ ਬਣਾਉਣ ਦਾ ਕੰਮ ਪਹਿਲਾਂ ਤੋਂ ਬਣਾਈ ਯੋਜਨਾ ਦੇ ਫੈਲਾਅ ਤੋਂ ਅੱਗੇ ਵਧ ਕੇ ਕੰਮ ਤੇਜ਼ ਕਰੇਗਾ ਜਿਸ ਅਧੀਨ ਯੋਜਨਾ ਵਾਲੀ ਥਾਂਮਾਈਨਿੰਗ ਦੀਆਂ ਸਰਗਰਮੀਆਂ ਵੀ ਸ਼ਾਮਲ ਹਨ।ਐਟਮੀ ਊਰਜਾ ਵਿਭਾਗ ਦੇ ਅਧਿਕਾਰੀਆਂ ਨੇ ਵਿਗਿਆਨ ਅਤੇ ਟੈਕਨੀਕ ਬਾਰੇ ਪਾਰਲੀਮੈਂਟਰੀ ਕਮੇਟੀ ਨੂੰ ਦੱਸਿਆ ਕਿ ਕਾਇਗਾ ਦੀਆਂ ਯੂਨਿਟਾਂ 5 ਅਤੇ 6 ਦਾ ਐਫ ਪੀ ਸੀ 2023 ਵਿੱਚ ਹੋਵੇਗਾ। ਗੋਰਖਪੁਰ ਤੇ ਹਰਿਆਣਾ ਐਟਮੀਬਿਜਲੀ ਯੋਜਨਾ ਯੂਨਿਟਾਂ 3 ਤੋਂ 4 ਅਤੇ ਮਾਹੀ ਬਾਂਸਵਾੜਾ ਐਟਮੀਊਰਜਾ ਯੋਜਨਾ ਯੂਨਿਟ 1 ਤੋਂ 4 ਦਾ ਐਫ ਪੀ ਸੀ 2024 ਵਿੱਚ ਸੰਭਵ ਹੈ। 2025 ਵਿੱਚ ਚੁਟਕਾ (ਮੱਧ ਪ੍ਰਦੇਸ਼) ਐਟਮੀਊਰਜਾ ਯੋਜਨਾ ਯੂਨਿਟਾਂਅ 1 ਤੇ 2 ਦਾ ਐਫ ਟੀ ਸੀ ਹੋਣ ਦੀ ਸੰਭਾਵਨਾ ਹੈ। ਕੇਂਦਰ ਨੇ ਜੂਨ 2017 ਵਿੱਚ 700 ਮੈਗਾਵਾਟ ਦੇ 10 ਸਵਦੇਸ਼ੀ ਵਿਕਸਿਤ ਦਬਾਅ ਵਾਲੇ ਭਾਰੀ ਜਲ ਪਲਾਂਟ ਬਣਾਉਣ ਦੀ ਪ੍ਰਵਾਨਗੀ ਦਿੱਤੀ ਸੀ। ਇਹ 10 ਪਲਾਂਟ 1.05 ਲੱਖ ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਜਾਣਗੇ।

## ਰੂਸ ਤੋਂ ਖਰੀਦੇ ਐਲ ਐਨ ਜੀ ਦਾ ਭਾਰਤ ਵੱਲੋਂ ਡਾਲਰ ਵਿੱਚ ਭੁਗਤਾਨ

ਨਵੀਂ ਦਿੱਲੀ, 28 ਮਾਰਚ (ਪੋਸਟ ਬਿਊਰੋ)- ਭਾਰਤ ਦੀ ਸਭ ਤੋਂ ਵੱਡੀ ਗੈਸ ਕੰਪਨੀ ਗੈਸ ਅਥਾਰਟੀ ਆਫ ਇੰਡੀਆ (ਗੇਲ) ਨੇ ਰੂਸ ਦੀ ਗੈਜ਼ਪ੍ਰਾਮ ਤੋਂ ਇੰਪੋਰਟ ਕੀਤੇ ਲਿਕੁਇਡ ਕੁਦਰਤੀ ਗੈਸ (ਐਲ ਐਨ ਜੀ) ਦਾ ਭੁਗਤਾਨ ਅਮਰੀਕੀ ਡਾਲਰ ਵਿੱਚ ਕੀਤਾ ਹੈ। ਜਾਣਕਾਰ ਸੂਤਰਾਂ ਨੇ ਕਿਹਾ ਕਿ ਜੇ ਭੁਗਤਾਨ ਯੂਰੋ ਜਾਂ ਕਿਸੇ ਹੋਰ ਕਰੰਸੀ ਵਿੱਚ ਮੰਗਿਆ ਜਾਵੇ ਤਾਂ ਐਕਸਚੇਂਜ ਦਰਾਂ ਵਿੱਚਕੰਪਨੀ 'ਨਿਰਪੱਖਤਾ ਦੀ ਮੰਗ ਕਰ ਸਕਦੀ ਹੈ।

ਗੇਲ ਦੀ ਗੈਜ਼ਪ੍ਰਾਮ ਤੋਂ ਸਾਲਾਨਾ 25 ਲੱਖ ਟਨ ਐਲ ਐਨ ਜੀ ਇੰਪੋਰਟ ਦੀ ਸੰਧੀ ਹੈ। ਇਸ ਤਰਾਂ ਕੰਪਨੀ ਨੂੰ ਹਰ ਮਹੀਨੇ 3 ਤੋਂ 4 ਕਾਰਗੋ ਜਾਂ ਸੁਰਪ-ਕੂਲਡ ਕੁਦਰਤੀ ਗੈਸ ਦੀ ਖੇਪ ਜਹਾਜ਼ ਤੋਂ ਮਿਲੇਗੀ। ਇਸਬਾਰੇ ਜਾਣਕਾਰੀ ਰੱਖਣ ਵਾਲੇ ਨਿਮਯ ਨੇ ਕਿਹਾ,'ਗੈਜ਼ਪ੍ਰਾਮ ਨਾਲ ਸੰਧੀ ਵਿੱਚ ਡਾਲਰ ਵਿੱਚ ਭੁਗਤਾਨ ਦਾ ਪ੍ਰਬੰਧ ਹੈ। ਐਲ ਐਨ ਜੀ ਦਾ ਕਾਰਗੋ ਮਿਲਣ ਦੇ 5 ਤੋਂ 7 ਦਿਨਾਂ ਵਿੱਚ ਭੁਗਤਾਨ ਹੋ ਜਾਂਦਾ ਹੈ। ਅੰਤਿਮ ਭੁਗਤਾਨ 23 ਮਾਰਚ ਨੂੰ ਡਾਲਰ ਵਿੱਚ ਕੀਤਾ ਗਿਆ ਹੈ।' ਜਾਣਕਾਰ ਸੂਤਰਾਂ ਨੇ ਦੱਸਿਆ ਕਿ 25 ਮਾਰਚ ਨੂੰ ਵੀ ਜਹਾਜ਼ ਦੇ ਜ਼ਰੀਏ ਐਲ ਐਨ ਜੀ ਦੀ ਖੇਪ ਮਿਲੀ ਹੈ।ਇਸ ਦਾ ਭੁਗਤਾਨ ਅਪ੍ਰੈਲ ਦੇ ਸ਼ੁਰੂ ਵਿੱਚ ਕਰਨਾ ਹੋਵੇਗਾ। ਏਦਾਂ ਦੇ ਸੰਕੇਤ ਨਹੀਂ ਮਿਲੇ ਕਿ ਇਹ ਭੁਗਤਾਨ ਅਮਰੀਕੀ ਡਾਲਰ ਤੋਂ ਬਿਨਾ ਕਿਸੇ ਹੋਰ ਕਰੰਸੀ ਵਿੱਚ ਕਰਨਾ ਹੋਵੇਗਾ। ਇੱਕ ਹੋਰ ਨੇ ਦੱਸਿਆ ਕਿ ਅਜੇ ਤਕ ਭੁਗਤਾਨ ਡਾਲਰ ਵਿੱਚ ਕੀਤਾ ਜਾ ਰਿਹਾ ਹੈ ਤੇ ਇਸ ਵਿੱਚ ਕੋਈ ਸਮੱਸਿਆ ਨਹੀਂ ਆ ਰਹੀ। ਗੈਜ਼ਪ੍ਰਾਮ ਨੇ ਅਜੇ ਤਕ ਗੇਲ ਨੂੰ ਭੁਗਤਾਨ ਦੇ ਤਰੀਕਬਦਲਣ ਦੀ ਕੋਈ ਸੂਚਨਾ ਨਹੀਂ ਦਿੱਤੀ। ਸੂਤਰਾਂ ਮੁਤਾਬਕ ਆਖਰੀ ਭੁਗਤਾਨ ਭਾਰਤੀ ਸਟੇਟ ਬੈਂਕ (ਐਸ ਬੀ ਆਈ) ਰਾਹੀਂ ਕੀਤਾ ਗਿਆ। ਜੂਨ, 2018 ਵਿੱਚ ਗੈਸ ਦੀ ਸਪਲਾਈ ਸ਼ੁਰੂ ਹੋਣ ਤੋਂ ਬਾਅਦ ਐਸ ਬੀ ਆਈ ਜ਼ਰੀਏ ਭੁਗਤਾਨ ਹੁੰਦਾ ਹੈ।

### ਇੱਕ ਬੱਚੇਵਾਲੇ ਕਾਨੂੰਨ ਦਾ ਅਸਰ:

# ਚੀਨ ਵੱਲੋਂ ਵੀ ਦੇਰ ਨਾਲ ਸੇਵਾਮੁਕਤੀ ਦੀ ਨੀਤੀ ਲਾਗੂ

ਬੀਜਿੰਗ, 28 ਮਾਰਚ (ਪੋਸਟ ਬਿਊਰੋ)- ਚੀਨ ਦੀ ਇੱਕ ਬੱਚੇ ਦੀ ਨੀਤੀ ਦਾ ਮਾੜਾ ਨਤੀਜਾ ਬਜ਼ੁਰਗਾਂ ਦੀ ਵੱਡੀ ਆਬਾਦੀ ਦੇ ਰੂਪ ਵਿੱਚ ਨਿਕਲਿਆ ਹੈ। ਹਾਲਤ ਇਹ ਹੈ ਕਿ ਦੇਸ਼ ਵਿੱਚ ਬਜ਼ੁਰਗਾਂ ਦੀ ਆਬਾਦੀ ਵਧਣ ਕਾਰਨ ਸਮਾਜਕ ਸੁਰੱਖਿਆ ਪੈਨਸ਼ਨ ਉੱਤੇ ਸਰਕਾਰ ਦਾ ਖਰਚਾ ਵਧ ਗਿਆ ਹੈ ਅਤੇ ਉਸ ਨੂੰ ਮੁਲਾਜ਼ਮਾਂ ਦੀ ਸੇਵਾਮੁਕਤੀ ਵਿੱਚ ਦੇਰੀ ਦੀ ਨੀਤੀ ਲਾਗੂ ਕਰਨੀ ਪਈ ਹੈ, ਜਿਸ ਤੋਂ ਉਹ ਬਚਣ ਦੇ ਯਤਨ ਕਰ ਰਹੀ ਸੀ।



ਇੱਕ ਰਿਪੋਰਟ ਮੁਤਾਬਕ ਚੀਨੀ ਕਮਿਊਨਿਸਟ ਪਾਰਟੀ (ਸੀ ਪੀ ਸੀ) ਨੇ ਇੱਕ ਮਾਰਚ ਤੋਂ ਦੇਰੀ ਨਾਲ ਸੇਵਾਮੁਕਤੀ ਦੀ ਨੀਤੀ ਲਾਗੂ ਕਰ ਦਿੱਤੀ ਹੈ। ਸਰਕਾਰ ਨੂੰ ਇਹ ਨੀਤੀ ਸਮਾਜਕ ਸੁਰੱਖਿਆ ਪੈਨਸ਼ਨ ਫੰਡ ਲਈ ਲੋੜੀ ਜੋਗੀ ਰਕਮ ਨਾ ਹੋਣਕਾਰਨ ਲਾਗੂ ਕਰਨੀ ਪਈ ਹੈ। ਉਹ ਨੇ ਤੀਹ ਦਸੰਬਰ ਨੂੰ ਆਪਣੀ 14ਵੀਂ ਪੰਜ ਸਾਲਾ ਯੋਜਨਾ ਵਿੱਚ ਨੈਸ਼ਨਲ ਏਜਿੰਗ ਡਿਵੈਲਪਮੈਂਟ ਐਂਡ ਐਲਡਰਲੀ ਕੇਅਰ ਸਰਵਿਸ ਸਿਸਟਮ ਦੀ ਮੱਦ ਰੱਖੀ ਸੀ।ਯੂਨੀਵਰਸਿਟੀ ਆਫ ਟੈਕਨਾਲੋਜੀ ਸਿਡਨੀ ਦੇ ਪ੍ਰੋਫੈਸਰ ਤੇ ਚੀਨੀ ਮਾਮਲਿਆਂ ਦੇ ਮਾਹਰ ਨੇ ਕਿਹਾ ਕਿ ਇਸ ਦਾ ਸਿਰਫ ਇਹੀ ਕਾਰਨ ਹੈ ਕਿ ਪੈਸਾ ਨਹੀਂ ਬਚਿਆ। ਸਥਾਨਕ ਸਰਕਾਰਾਂ ਦੀ ਆਮਦਨ ਘਟ ਗਈ ਅਤੇ ਖਰਚ ਲਗਾਤਾਰ ਜਾਰੀ ਹੈ।

ਚੀਨੀ ਡਿਜੀਟਲ ਪਲੇਟਫਾਰਮ ਟੇਸੈਂਟ ਡਾਟਕਾਮ ਦੇ ਮੁਤਾਬਕ ਸਾਲ 2013 ਤੋਂ ਹੀ ਇਸ ਨੀਤੀ ਉਤੇ ਕੰਮ ਚੱਲ ਰਿਹਾ ਸੀ, ਪਰ ਕਿਰਤੀਆਂ ਵਿੱਚ ਭਾਰੀ ਨਾਰਾਜ਼ਗੀ ਕਾਰਨ ਇਸ ਨੂੰ ਅਮਲ ਵਿੱਚ ਲਿਆਉਣ ਵਿੱਚ ਦੇਰੀ ਹੋਈ। ਸੀ ਪੀ ਸੀ ਦੀ ਸਖਤ ਪਰਿਵਾਰ ਕੰਟਰੋਲ ਯੋਜਨਾ ਨੇ ਕੁਦਰਤੀ ਆਬਾਦੀ ਸਿਸਟਮ ਤਬਾਹ ਕਰ ਦਿੱਤਾ। ਇਸ ਨੇ ਨਾ ਸਿਰਫ ਮਰਦਾਂ ਤੇ ਔਰਤਾਂ ਦੀ ਆਬਾਦੀ ਉਤੇ ਡੂੰਘਾ ਅਸਰ ਪਾਇਆ, ਸਗੋਂ ਦੇਸ਼ ਸਾਹਮਣੇ ਕਿਰਤੀ ਸ਼ਕਤੀ ਦੀ ਵੱਡੀ ਘਾਟ ਆ ਗਈ,ਪਰਕਾਮਿਆਂ ਨੂੰ ਦੇਰੀ ਨਾਲ ਸੇਵਾਮੁਕਤ ਕਰਨ ਦੀ ਨਵੀਂ ਨੀਤੀ ਬੇਰੁਜ਼ਗਾਰੀ ਦਾ ਨਵਾਂ ਸੰਕਟ ਪੈਦਾ ਕਰ ਦੇਵੇਗੀ, ਕਿਉਂਕਿ ਹਰ ਸਾਲ ਲੱਖਾਂ ਨੌਜਵਾਨ ਉਚ ਸਿੱਖਿਆ ਹਾਸਲ ਕਰਨ ਤੋਂ ਬਾਅਦ ਵੀ ਰੁਜ਼ਗਾਰ ਨਹੀਂ ਹਾਸਲ ਕਰ ਸਕਣਗੇ।

## ਘਟੀਆ ਪ੍ਰੈਸ਼ਰ ਕੁਕਰ ਵੇਚਣ ਉੱਤੇ ਪੇ ਟੀ ਐਮ ਮੋਲ, ਸਨੈਪਡੀਲ ਉੱਤੇ 1-1 ਲੱਖ ਰੁਪਏ ਜੁਰਮਾਨਾ

ਨਵੀਂ ਦਿੱਲੀ, 28 ਮਾਰਚ (ਪੋਸਟ ਬਿਊਰੋ)- ਕੇਂਦਰੀ ਖਪਤਕਾਰ ਸੁਰੱਖਿਆ ਅਥਾਰਿਟੀ (ਸੀ ਸੀ ਪੀ ਏ) ਨੇ ਈ-ਕਮਰਸ ਕੰਪਨੀ ਪੇਟੀਐਮ ਮੋਲ ਅਤੇ ਸਨੈਪਡੀਲ ਨੂੰ 1-1 ਲੱਖ ਰੁਪਏ ਦਾ ਜੁਰਮਾਨਾ ਲਾਇਆ ਹੈ।




ਅਥਾਰਿਟੀ ਨੇ ਬਿਨਾਂ ਸਟੈਂਡਰਡ ਵਾਲੇ ਪ੍ਰੈਸ਼ਰ ਕੁਕਰ ਵੇਚਣ ਲਈ ਜੁਰਮਾਨਾ ਲਾਉਂਦੇ ਹੋਏ ਦੋਨਾਂ ਕੰਪਨੀਆਂ ਨੂੰ ਵੇਚੀਆਂ ਗਈਆਂ ਵਸਤੂਆਂ ਵਾਪਸ ਲੈਣ ਦੇ ਨਾਲ ਖਪਤਕਾਰਾਂ ਤੋਂ ਲਈ ਰਾਸ਼ੀ ਵਾਪਸ ਕਰਨ ਦਾ ਆਦੇਸ਼ ਵੀ ਦਿੱਤਾ ਹੈ। ਇਸ ਬਾਰੇ ਆਪਣੇ ਦੋ ਵੱਖ-ਵੱਖ ਆਦੇਸ਼ਾਂ ਵਿੱਚਅਥਾਰਿਟੀ ਨੇ ਪੇਟੀਐਮ ਈ-ਕਾਮਰਸ ਪ੍ਰਾਈਵੇਟ ਲਿਮਿਟਡ (ਪੇਟੀਐਮ ਮੋਲ) ਤੇ ਸਨੈਪਡੀਲ ਪ੍ਰਾਈਵੇਟ ਵਿਮਿਟਡ ਨੂੰ ਖਰਾਬ ਪ੍ਰੈਸ਼ਰ ਕੁਕਰ ਵੇਚਣ ਦਾ ਦੋਸ਼ੀ ਪਾਇਆ। ਇਹ ਪ੍ਰੈਸ਼ਰ ਕੁਕਰ ਭਾਰਤੀ ਸਟੈਂਡਰਡ ਬਿਊਰੋ (ਬੀ ਆਈ ਐਸ) ਦੇ ਸਟੈਂਡਰਡ ਮੁਤਾ-ਬਕ ਨਹੀਂ ਸੀ ਅਤੇ ਘਰੇਲੂ ਪ੍ਰੈਸ਼ਰ ਕੁਕਰ (ਗੁਣਵਤਾ ਕੰਟਰੋਲ) ਆਰਡਰ-2020 (ਕਿਊ ਸੀ ਓ) ਦੀਪਾਲਣਾ ਨਹੀਂ ਕਰਦੇ। ਪੇਟੀਐਮ ਮੋਲ ਨੇ ਪ੍ਰਿਸਟੀਨ ਅਤੇ ਕਿਊਬਾ ਕੰਪਨੀ ਦੇ ਪ੍ਰੈਸ਼ਰ ਕੁਕਰ ਆਪਣੇ ਮੰਚ ਉੱਤੇ ਵੇਚਣ ਲਈ ਪਾਏ ਸੀ ਜਦਕਿ ਪ੍ਰਾਡਕਟ ਵਿਕਰੀ ਵਿੱਚ ਸਪੱਸ਼ਟ ਆਈ ਐਸ ਆਈ ਮਾਰਕਾ ਨਹੀਂ ਹੈ। ਸੀ ਸੀ ਪੀ ਏ ਨੇ 25 ਮਾਰਚ ਨੂੰ ਆਪਣੇ ਆਦੇਸ਼ ਵਿੱਚ ਪੇਟੀਐਮ ਮੋਲ ਨੂੰ ਆਪਣੇ ਮੰਚ ਉੱਤੇ ਵਿਕਣ ਵਾਲੇ 39 ਪ੍ਰੈਸ਼ਰ ਕੁਕਰ ਦੇ ਸਾਰੇ ਖਪਤਕਾਰ ਦੇ ਨਾਂਅ ਲਿਖਣ, ਪ੍ਰੈਸ਼ਰ ਕੁਕਰ ਨੂੰ ਵਾਪਸ ਲੈਣ ਅਤੇ ਖਪਤਾਕਾਰਾਂ ਨੂੰ ਉਨ੍ਹਾਂ ਦੀ ਕੀਮਤ ਵਾਪਸ ਦੇਣ ਦੇ ਲਈ ਕਿਹਾ ਹੈ।

## ਘੱਟ ਸੀ ਟੀ ਸੀ ਵਾਲੇ ਮੂੰਹ ਦੇ ਕੈਂਸਰ ਵਾਲੇ ਮਰੀਜ਼ਾਂ ਦੇ ਵੱਧ ਜੀਊਣ ਦੀ ਸੰਭਾਵਨਾ

ਪੁਣੇ, 28 ਮਾਰਚ (ਪੋਸਟ ਬਿਊਰੋ)- ਖੋਜਕਾਰਾਂ ਦੇ ਇੱਕ ਦਲ ਦੀ ਨਵੀਂ ਖੋਜ ਵਿੱਚ ਇਹ ਗੱਲ ਪਤਾ ਲੱਗੀ ਹੈ ਕਿ ਮੂੰਹ ਦੇ ਕੈਂਸਰ ਦੇ ਅਜਿਹੇ ਰੋਗੀ, ਜਿਨ੍ਹਾਂ ਦੇ ਖੂਨ ਵਿੱਚ ਸਰਕੂਲੇਟਿੰਗ ਟਿਊਮਰ ਸੈਲਸ ਜਾਂ ਸੀ ਟੀ ਸੀ ਦੀ ਗਿਣਤੀ ਘੱਟ ਹੁੰਦੀ ਹੈ, ਉਹ ਜ਼ਿਆਦਾ ਨਾੜੀਆਂ ਵਾਲੇ ਮਰੀਜ਼ਾਂ ਦੇ ਮੁਕਾਬਲੇ ਵੱਧਸਮਾਂ ਜੀਉਂਦੇ ਹਨ।

ਮੁੰਬਈ ਦੇ ਟਾਟਾ ਮੈਮੋਰੀਅਲ ਹਸਪਤਾਲ ਦੇ ਡਾਕਟਰ ਪੰਕਜ ਚਤੁਰਵੇਦੀ, ਡਾਕਟਰ ਜਯੰਤ ਖੰਡਾਰੇ ਅਤੇ ਪੁਣੇ ਦੇ ਐਕਟੋਰੀਅਸ ਓਨਕੋਡਿਸਕਵਰ ਦੀ ਇੱਕ ਟੀਮ ਨੇ ਸਿਰ ਅਤੇ ਗਰਦਨ ਦੇ ਕੈਂਸਰ ਵਾਲੇ 500 ਮਰੀਜ਼ਾਂ ਦੇ ਇਸ ਬਾਰੇ ਨਤੀਜਿਆਂ ਦੀ ਚਾਰ ਸਾਲ ਤਕ ਖੋਜ ਕੀਤੀ ਹੈ। ਡਾਕਟਰ ਖੰਡਾਰੇ ਨੇ ਕਿਹਾ ਕਿ ਕੁੱਲ ਮਿਲਾ ਕੇ ਮੂੰਹ ਦੇ ਕੈਂਸਰ ਦੇ 152 ਮਰੀਜ਼ਾਂ ਦਾ ਵਿਸ਼ਲੇਸ਼ਣ ਕੀਤਾ ਅਤੇ ਸੀ ਟੀ ਸੀ ਲਈ ਪ੍ਰਤੀ ਮਰੀਜ਼ 1.5 ਮਿਲੀਲੀਟਰ ਖੂਨ ਦੀ ਜਾਂਚ ਕੀਤੀ ਤਾਂ ਖੋਜ ਵਿੱਚ ਪਤਾ ਲੱਗਾ ਕਿ ਪ੍ਰਤੀ 1.5 ਮਿਲੀਲੀਟਰ ਖੂਨ ਵਿੱਚ 20 ਤੋਂ ਵੱਧ ਸੀ ਟੀ ਸੀ ਵਾਲੇ ਮਰੀਜ਼ਾਂ ਵਿੱਚ ਬਿਮਾਰੀ ਦੇ ਐਡਵਾਂਸ ਪੱਧਰ ਉੱਤੇ ਜਾਣ ਅਤੇ ਕੈਂਸਰ ਨਾੜੀਆਂ ਦੇ ਮੂਲ ਸਥਾਨ ਤੋਂ ਟੁੱਟਣ ਦਾ ਡਰ ਵੱਧ ਹੈ। ਓਧਰ ਪ੍ਰਤੀ 1.5 ਮਿਲੀਲੀਟਰ ਖੂਨ ਵਿੱਚ 12 ਤੋਂ ਘੱਟ ਸੀ ਟੀ ਸੀ ਵਾਲੇ ਮਰੀਜ਼ਾਂ ਵਿੱਚ ਜੀਉਣ ਦੀ ਸੰਭਾਵਨਾ ਵੱਧ ਹੁੰਦੀ ਹੈ।ਖੰਡਾਰੇ ਨੇ ਕਿਹਾ ਕਿ ਇਹ ਖੋਜ ਜਰਨਲ ਟ੍ਰਿਪਲ ਓ ਓ ਓ ਵਿੱਚ ਛਪੀ ਸੀ। ਉਨ੍ਹਾਂ ਨੇ ਕਿਹਾ ਕਿ ਰਾਸ਼ਟਰੀ ਕੈਂਸਰ ਰਜਿਸਟਰੀ ਦੇ ਅਨੁਸਾਰ ਭਾਰਤ ਵਿੱਚ ਕੈਂਸਰ ਦੇ ਲਗਭਗ 14 ਲੱਖ ਮਰੀਜ਼ ਹਨ ਅਤੇ ਇਨ੍ਹਾਂ 'ਚੋਂ ਲਗਭਗ ਨੌਂ ਫੀਸਦੀ (1.2 ਲੱਖ) ਮਹਾਰਾਸ਼ਟਰ ਵਿੱਚ ਹਨ।







# ਪਾਕਿਸਤਾਨੀ ਸ਼ਾਇਰਾ ਬੁਸ਼ਰਾ ਨਾਜ਼ ਦਾ ਲਾਹੌਰ ਵਿੱਚ ਫੁਲਕਾਰੀ ਸਨਮਾਨ

ਲੁਧਿਆਣਾ, 28 ਮਾਰਚ (ਗਿਆਨ ਸਿੰਘ) ਪਾਕਿਸਤਾਨ ਦੇ ਸ਼ਹਿਰ ਵੱਸਦੀ ਸ਼ਾਇਰਾ ਬੁਸ਼ਰਾ ਨਾਜ਼ ਦਾ ਵਿਸ਼ਵ ਪੰਜਾਬੀ ਅਮਨ ਕਾਨਫਰੰਸ ਮੌਕੇ ਇੱਕ ਸ਼ਾਮ ਗੈਰ ਰਸਮੀ ਤੌਰ ਤੇ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਫੁਲਕਾਰੀ ਭੇਂਟ ਕਰਕੇ ਗੁਰਭਜਨ ਗਿੱਲ, ਸਰਦਾਰਨੀ ਜਸਵਿੰਦਰ ਕੌਰ ਗਿੱਲ, ਗੁਰਤੇਜ ਕੋਹਾਰਵਾਲਾ,ਡਾ: ਭਾਰਤਬੀਰ ਕੌਰ, ਅਫ਼ਜ਼ਲ ਸਾਹਿਰ,ਡਾ: ਸੁਲਤਾਨਾ ਬੇਗਮ, ਸਹਿਜਪ੍ਰੀਤ ਸਿੰਘ ਮਾਂਗਟ ਤੇ ਅਜ਼ੀਮ ਸ਼ੇਖ਼ਰ ਨੇ ਸਨਮਾਨਿਤ ਕੀਤਾ।

ਬੁਸ਼ਰਾ ਸਰਲ ਪੰਜਾਬੀ ਚ ਲਿਖਣ ਵਾਲੀ ਪੰਜਾਬੀ ਸ਼ਾਇਰਾ ਹੈ ਜਿਸ ਦੇ ਤਿੰਨ ਕਾਵਿ ਸੰਗ੍ਰਹਿ ਪ੍ਰਕਾਸ਼ਤਿ ਹੋ ਚੁਕੇ ਹਨ।

ਬੁਸ਼ਰਾ ਨਾਜ਼ ਬਾਰੇ ਜਾਣਕਾਰੀ ਦਿੰਦਿਆਂ ਅਕਾਦਮੀ ਦੇ ਚੇਅਰਮੈਨ ਪ੍ਰੋ: ਗੁਰਭਜਨ ਗਿੱਲ ਨੇ ਕਿਹਾ ਕਿ ਪਾਕਿਸਤਾਨ ਦੇ ਇਤਿਹਾਸਕ ਸ਼ਹਿਰ



ਲਾਇਲਪੁਰ (ਹੁਣ ਫੈਸਲਾਬਾਦ) ਚ 10 ਜੁਲਾਈ 1973 ਨੂੰ ਹਮੀਦਾ ਬੀਬੀ ਦੀ ਕੁਖੋਂ ਜਨਾਬ ਅਬਦੁਰ ਰਹਿਮਾਨ ਦੇ ਘਰ ਜਨਮੀ , ਪੰਜਾਬੀ ਸ਼ਾਇਰਾ ਬੁਸ਼ਰਾ ਨਾਜ਼ ਦਾ ਅਸਲੀ ਨਾਮ ਬਚਪਨ ਵੇਲੇ ਮਾਪਿਆਂ ਨੇ ਬੁਸ਼ਰਾ ਇਕਬਾਲ ਰੱਖਿਆ ਸੀ ਪਰ ਸ਼ਾਇਰੀ ਨੇ ਉਸ ਨੂੰ ਨਾਜ਼ ਕਰ ਦਿੱਤਾ। ਪੰਜਾਬ ਕਾਲਿਜ ਆਫ਼ ਕਾਮਰਸ ਫੈਸਲਾਬਾਦ ਤੋਂ ਬੀ ਕਾਮ ਪਾਸ ਬੁਸ਼ਰਾ ਨਾਮਵਰ ਡਰੈੱਸ ਡੀਜ਼ਾਈਨਰ ਹੈ ਅਤੇ ਇਸ ਖੇਤਰ ਵਿੱਚ ਉਹ ਬਦੇਸ਼ਾਂ ਚ ਵੀ ਨਾਮਣਾ ਖੱਟ ਚੁਕੀ ਹੈ।

ਜਨਾਬ ਮੁਹੰਮਦ ਇਕਬਾਲ ਸਾਹਿਬ ਨਾਲ ਵਿਆਹੀ , ਇੱਕ ਪੁੱਤਰ ਤੇ ਤਿੰਨ ਧੀਆਂ ਦੀ ਮਾਂ ਬੁਸ਼ਰਾ ਨਾਜ਼ ਘਰ ਪਰਿਵਾਰ ਲਈ ਜ਼ੁੰਮੇਵਾਰ ਸਵਾਣੀ ਹੈ। ਲਿਖਣਾ ਪੜ੍ਹਨਾ ਉਸ ਦੇ ਸ਼ੌਕ ਦਾ ਹਿੱਸਾ ਹੈ।

ਵਿਸ਼ਵ ਪੰਜਾਬੀ ਕਾਂਗਰਸ ਦੇ ਭਾਰਤੀ ਕੋਆਰਡੀਨੇਟਰ ਸਹਿਜ ਪ੍ਰੀਤ ਸਿੰਘ ਮਾਂਗਟ ਨੇ ਦੱਸਿਆ ਕਿ ਬੁਸ਼ਰਾ ਨਾਜ਼ ਦੀਆਂ ਪੰਜਾਬੀ ਵਿੱਚ ਸ਼ਾਇਰੀ ਦੀਆਂ ਦੋ ਕਿਤਾਬਾਂ ਕੰਧ ਆਸਮਾਨਾਂ ਤੀਕ ਅਤੇ ਸੋਚ ਸਮਿਆਂ ਤੋਂ ਅੱਗੇ ਛਪ ਚੁਕੀਆਂ ਨੇ। ਉਨ੍ਹਾਂ ਕਿਹਾ ਕਿ ਕੰਧ ਆਸਮਾਨਾਂ ਤੀਕ ਨੂੰ ਮਸੂਦ ਖੱਦਰਪੋਸ਼ ਐਵਾਰਡ ਮਿਲ ਚੁਕਾ ਹੈ। ਉਰਦੂ ਵਿੱਚ ਵੀ ਉਸ ਦਾ ਇੱਕ ਕਵਿਤਾ ਸੰਗ੍ਰਹਿ ਇਲਹਾਮ ਛਪ ਚੁਕਾ ਹੈ। ਭਾਰਤ, ਬਹਿਰੀਨ, ਬੰਗਲਾਦੇਸ਼ ਅਤੇ ਮਲੇਸ਼ੀਆ ਵਿੱਚ ਹੋਏ ਕਵੀ ਦਰਬਾਰਾਂ ਵਿੱਚ ਉਹ ਹਿੱਸਾ ਲੈ ਚੁਕੀ ਹੈ। ਇਸ ਸਾਲ 2022 ਵਿੱਚ ਉਸ ਦੇ ਦੋ ਕਾਵਿ ਸੰਗ੍ਰਹਿ ਪ੍ਰਕਾਸ਼ਤਿ ਹੋਣ ਲਈ ਤਿਆਰ ਨੇ। ਔਰਤ ਸ਼ਕਤੀਕਰਨ ਨਾਲ ਸਬੰਧਿਤ ਲਾਇਲਪੁਰ ਦੀਆਂ ਕਈ ਸਵੈ ਸੇਵੀ ਜਥੇਬੰਦੀਆਂ ਦੀ ਉਹ ਮੈਂਬਰ ਤੇ ਉੱਘੀ ਕਾਰਕੁਨ ਹੈ।

ਬੁਸ਼ਰਾ ਨਾਜ਼ ਨੇ ਧੰਨਵਾਦ ਕਰਦਿਆਂ ਕਿਹਾ ਕਿ ਮੇਰਾ ਪੂਰਾ ਪਰਿਵਾਰ ਪੰਜਾਬੀ ਲੇਖਕਾਂ ਨੂੰ ਮਿਲਣ ਲਈ ਲਾਇਲਪੁਰੋਂ ਚੱਲ ਕੇ ਆਇਆ ਹੈ। ਉਸ ਕਿਹਾ ਕਿ ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਆਪਣੇ ਘਰਾਂ ਵਿੱਚ ਪੰਜਾਬੀ ਦੀ ਸਰਦਾਰੀ ਤੋਂ ਸਾਨੂੰ ਸਭ ਨੂੰ ਅੱਗੇ ਵਧਣਾ ਪਵੇਗਾ। ਸਾਲ ਚ ਇੱਕ ਦਿਨ ਮਾਂ ਬੋਲੀ ਦਿਹਾੜਾ ਮਨਾ ਕੇ ਅਸੀਂ ਰਸਮ ਤਾਂ ਪੂਰੀ ਕਰ ਲੈਂਦੇ ਹਾਂ ਪਰ ਲੋੜਵੰਦੇ ਨਤੀਜੇ ਨਹੀਂ ਹਾਸਲ ਕਰ ਸਕਦੇ। ਸਾਨੂੰ ਹਰ ਰੋਜ਼ ਹਰ ਵਿਅਕਤੀ ਨੂੰ ਇਸ ਦਿਸ਼ਾ ਵੱਲ ਤੁਰਨ ਤੇ ਸਰਗਰਮ ਹੋਣ ਦੀ ਲੋੜ ਹੈ। ਉਹ ਦੱਸਦੀ ਹੈ ਕਿ ਮੇਰੀ ਜਣਨਹਾਰੀ ਮਾਂ ਉਰਦੂ ਬੋਲਦੀ ਸੀ ਪਰ ਪੰਜਾਬੀ ਮੈਂ ਆਪਣੀ ਸੱਸ ਤੋਂ ਸਿੱਖੀ ਹੈ। ਉਨ੍ਹਾਂ ਦੀ ਸੱਸ ਆਪਣੇ ਪਰਿਵਾਰ ਚ ਸਭ ਨਾਲ ਵਧੀਆ ਮੁਹਾਵਰੇਦਾਰ ਪੰਜਾਬੀ ਚ ਗੱਲ ਕਰਦੀ ਸੀ। ਉਸ ਤੋਂ ਸਿੱਖ ਕੇ ਹੀ ਮੈਂ ਪੰਜਾਬੀ ਦੇ ਵੱਡੇ ਸ਼ਾਇਰਾਂ ਨੂੰ ਪੜ੍ਹਿਆ ਤੇ ਉਨ੍ਹਾਂ ਤੋਂ ਮੁਤਾਸਰ ਹੋ ਕੇ ਸ਼ਿਅਰ ਕਹਿਣੇ ਆਰੰਭੇ। ਬੁਸ਼ਰਾ ਨਾਜ਼ ਨੇ ਕਿਹਾ ਕਿ ਹੁਣ ਉਹ ਗੁਰਮੁਖੀ ਅੱਖਰ ਗਿਆਨ ਹਾਸਲ ਕਰਨ ਦੀ ਵੀ ਕੋਸ਼ਿਸ਼ ਕਰੇਗੀ ਤਾਂ ਜੋ ਰਾਵੀ ਪਾਰਲੇ ਪੰਜਾਬੀ ਅਦਬ ਨਾਲ ਸਾਂਝ ਪਾ ਸਕੇ।







## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen
Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7'', ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




























## Urgently Need New Listings in Brampton/Caledon

visit: www.teamjagaujla.com

Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com

**CALL JAG FOR A QUICK & FREE HOME EVALUATION**
www.BramptonTopRealtor.com www.BramptonTopAgent.com

**RECENTLY LISTED/SOLD IN YOUR NEIGHBOURHOOD BY JAG AUJLA**

JUST LISTED FOR SALE
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades

BRANTFORD, ONTARIO — Call Jag Aujla For Details

JUST LISTED FOR SALE
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New

* Spent over $200k on upgrades
BRAMPTON, ONTARIO — Call Jag Aujla For Details

SOLD $215,000 OVER ASKING IN 2 DAYS — 42 Lawnview Crt, Sandalwood /Hwy 10 / Braidwood
SOLD $101,000 OVER ASKING IN 2 DAYS — 11 Germain Circ, Miss.Rd/ William Pkwy/ Bovaird
SOLD $165,000 OVER ASKING IN 2 DAYS — 5 Mitchell Ave, Sandalwood/ Conestoga/ Dalzell
SOLD @101% OF ASKING PRICE — 12 Laurelcrest St, Queen / Laurelcrest / Hwy 410
SOLD $260,000 OVER ASKING IN 4 DAYS — 10 Lady Stewart Blvd, Howden / William Pkwy/ Hwy 410
SOLD @99% OF ASKING PRICE — 11 Van Hoof Crest, Castlemore/ Goreway / Latania
SOLD $121,000 OVER ASKING IN 6 DAYS Caledon — 42 Pinedale Ave, Kennedy / Dougall
SOLD $73,000 OVER ASKING IN 6 DAYS Shelbourne — 416 Olde Village Lane, Hwy 89 / Greenwood
SOLD $355,000 OVER ASKING IN 4 DAYS — 37 Esker Dr, Heart Lake Rd/Sandalwood Pkwy

**FREE**
✓ Full MLS Services
✓ Consistently Marketing Your Property Until SOLD
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022



## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
## ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

SOLD — $1,399,999 — CASTLEMORE/GOREWAY
FOR SALE — $1,749,900 — 8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866
FOR SALE — $1,950,000 — 26 Yellow RomeRd



jobs! jobs! jobs! jobs! jobs!

DUNDAS-JAFINE

## HELP WANTED
### ਕਾਮਿਆਂ ਦੀ ਲੋੜ
### ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017